People's Herald
Rs- 100/month
People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=61037521061610

"Equality and Justice"

स्वतंत्रता, समानता, भाईचारा

PATIALA On line paper 26 ਜੂਨ 2025 ਵੀਰਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

**ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ**



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਅਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਫਰਾਂਸ ਦੀ ਧਰਤੀ ਉੱਪਰ 28 ਅਤੇ 29 ਜੂਨ ਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਮਿਸ਼ਨ ਫੈਲਾਉਣ ਲਈ ਦਿਨ ਮਨਾਇਆ ਜਾਵੇਗਾ- ਡਾ. ਕਰੀਮਪੁਰੀ

### ਸ੍ਰੀ ਗੁਰੂ ਰਵਿਦਾਸ ਭਵਨ (ਪੈਰਿਸ) ਵਲੋਂ ਤੀਜੀ Dr Ambedkar international conference paris 2025 ਕਰਵਾਈ ਜਾ ਰਹੀ ਹੈ, ਪਹੁੰਚਣ ਦੀ ਕੋਸ਼ਿਸ਼ ਕਰੋ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾਂ )ਫ਼ਰਾਸ ਦੀ ਧਰਤੀ ਉਪਰ ਬਾਬਾ ਸਾਹਿਬ ਜੀ DR BR ਅੰਬੇਡਕਰ ਜੀ ਦੇ ਮਿਸ਼ਨ ਨੂੰ ਦੇਸ਼ ਵਿਦੇਸ਼ ਦੀ ਦੁਨੀਆ ਵਿੱਚ ਹਰ ਘਰ ਘਰ ਪਹੁੰਚਾਉਣ ਲਈ ਵਲੋਂ ਸ੍ਰੀ ਗੁਰੂ ਰਵਿਦਾਸ ਭਵਨ (ਪੈਰਿਸ) ਵਲੋਂ ਤੀਜੀ Dr Ambedkar international conference paris 2025 ਕਰਵਾਈ ਜਾ ਰਹੀ ਹੈ, ਜਿਸ ਵਿੱਚ ਪੰਜਾਬ ਤੇ ਬਸਪਾ ਪ੍ਰਧਾਨ ਸ਼੍ਰੀ ਅਵਤਾਰ ਸਿੰਘ ਕਰੀਮਪੁਰੀ ਤੇ ਨਵਾ ਸ਼ਹਿਰ ਤੋ MLA ਨਛੱਤਰ ਪਾਲ ਜੀ ਉਚੇਚੇ ਤੋਰ ਤੇ ਪਹੁੰਚ ਰਹੇ ਹਨ, ਇਹ ਪ੍ਰੋਗਰਾਮ 2 ਦਿਨ 28 ਜੂਨ ਤੇ 29 ਜੂਨ ਨੂੰ ਚਲੇਗਾ,ਮਿਸ਼ਨਰੀ ਕਲਾਕਾਰ ਕਮਲ ਤਲ੍ਹਣ ਜੀ ਵੀ ਆਪਣੇ ਮਿਸ਼ਨਰੀ ਗੀਤਾ ਨਾਲ ਬਾਬਾ ਸਾਹਿਬ ਦੇ ਗੁਣਗਾਨ ਕਰਨਗੇ, ਕ੍ਰਿਪਾ ਕਰਕੇ ਯੂਰਪ ਤੋ ਜਿਆਦਾ ਤੋ ਜਿਆਦਾ ਸਾਥੀ ਪਹੁੰਚੇ ਤੇ ਪੰਜਾਬ ਤੋ ਆਏ ਹੋਏ ਲੀਡਰ ਸਹਿਬਾਨ ਦੇ ਮਿਸ਼ਨ ਪ੍ਰਤੀ ਵਿਚਾਰ ਜ਼ਰੂਰ ਸੁਣੋ,, ਕ੍ਰਿਪਾ ਕਰਕੇ ਹਾਜ਼ਰੀ ਜ਼ਰੂਰ ਲਗਵਾਓ, ਕ੍ਰਿਪਾ ਕਰਕੇ ਪੋਸਟਰ ਨੂੰ ਜਿਆਦਾ ਤੋ ਜਿਆਦਾ ਸ਼ੇਅਰ ਕਰੋ ਤਾ ਜੋ ਹਰ ਇੱਕ ਮਿਸ਼ਨਰੀ ਸਾਥੀ ਤੱਕ ਪਹੁੰਚ ਸਕੇ,,



## ਅਕਾਲੀ-ਭਾਜਪਾ ਨੇ ਹੀ ਨਸ਼ਾ ਫੈਲਿਆ, ਨਸ਼ੇ 'ਚ ਸ਼ਾਮਲ ਹਰ ਇੱਕ 'ਤੇ ਕਾਰਵਾਈ ਹੋਵੇਗੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

ਪੰਜਾਬ ਵਿਜੀਲੈਂਸ ਵੱਲੋਂ ਬਿਕਰਮ ਮਜੀਠੀਆ ਉੱਤੇ ਕਾਰਵਾਈ ਕੀਤੀ ਗਈ ਹੈ। ਵਿਜੀਲੈਂਸ ਬਿਊਰੋ ਵਿੱਚ ਦਰਜ 2021 ਦੀ ਐਫਆਈਆਰ ਨੰਬਰ 02 ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਵੱਲੋਂ ਕੀਤੀ ਗਈ ਜਾਂਚ ਵਿੱਚ ਬਿਕਰਮ ਸਿੰਘ ਮਜੀਠੀਆ ਦੁਆਰਾ ਸਹਾਇਤਾ ਪ੍ਰਾਪਤ ਡਰੱਗ ਮਨੀ ਦੀ ਵੱਡੇ ਪੱਧਰ 'ਤੇ ਲਾਂਡਰਿੰਗ ਦਾ ਖੁਲਾਸਾ ਹੋਇਆ ਹੈ, ਜਿਸ ਤੋਂ ਬਾਅਦ ਗ੍ਰਿਫ਼ਤਾਰੀ ਕੀਤੀ, ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਨਸ਼ੇ 'ਚ ਸ਼ਾਮਲ ਹਰ ਇੱਕ 'ਤੇ ਕਾਰਵਾਈ ਕਰਾਂਗਾ। ਕਿਸੇ ਨੂੰ ਵੀ ਬਖ਼ਸ਼ਾਂਗੇ ਨਹੀਂ।ਮੰਤਰੀ ਸਰਕਾਰੀ ਗੱਡੀਆਂ 'ਚ ਨਸ਼ਾ ਕਰਦੇ ਰਹੇ। ਉਨ੍ਹਾਂ ਕਿਹਾ ਹੈ ਕਿ ਸਰਕਾਰੀ ਗੱਡੀਆਂ 'ਚ ਨਸ਼ਾ ਸਪਲਾਈ ਕੀਤਾ ਗਿਆ।

ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਦੌਰਾਨ ਹੀ ਨਸ਼ਾ ਪੰਜਾਬ ਵਿੱਚ ਫੈਲਿਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਮਜੀਠੀਆ ਦੀਆਂ ਗੱਡੀਆਂ ਵਿਚ ਨਸ਼ਾ ਆਉਂਦਾ ਸੀ ਉਸ ਸਮੇਂ ਕੋਈ ਰੋਕ ਨਹੀਂ ਸੀ। ਉਨਾਂ ਕਿਹਾ ਹੈ ਕਿ ਡਰੱਗ ਨਾਲ ਪੰਜਾਬ ਵਿੱਚ ਤਬਾਹੀ ਮਚਾਈ ਹੈ।



## ਮਾਨਵ ਸਮਾਨਤਾਵਾਦ ਦੇ ਅਧਿਕਾਰਾਂ ਦੇ ਸਮਰਥਕ, ਡਾ. ਬੀ.ਆਰ. ਅੰਬੇਡਕਰ, ਬਸਪਾ ਲਈ ਇੱਕ ਮਹੱਤਵਪੂਰਨ ਵਿਚਾਰਧਾਰਕ ਪ੍ਰੇਰਨਾ ਹਨ

### ਬਹੁਜਨ ਸਮਾਜ ਪਾਰਟੀ (BSP) ਇੱਕ ਭਾਰਤੀ ਰਾਜਨੀਤਿਕ ਪਾਰਟੀ ਹੀ ਨਹੀਂ ਹੈ, ਇਹ ਉਸ ਮਾਨਵ ਸਮਾਨਤਾਵਾਦ ਦੇ ਅੰਦੋਲਨ ਨੂੰ ਅੱਗੇ ਵਧਾਉਣ ਦਾ ਸੰਕਲਪ ਹੈ, ਜਿਹੜਾ ਬਾਬਾ ਨਾਨਕ, ਗੁਰੂ ਕਬੀਰ, ਗੁਰੂ ਫਰੀਦ, ਗੁਰੂ ਰਵਿਦਾਸ ਅਤੇ ਹੋਰ ਅਨੇਕਾਂ ਰਹਿਬਰ ਲੈ ਕੇ ਜੀਵਨ ਭਾਰ ਸੰਘਰਸ਼ ਕਰਦੇ ਰਹੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

ਬਹੁਜਨ ਸਮਾਜ ਪਾਰਟੀ (BSP) ਇੱਕ ਭਾਰਤੀ ਰਾਜਨੀਤਿਕ ਪਾਰਟੀ ਹੀ ਨਹੀਂ ਹੈ, ਇਹ ਉਸ ਮਾਨਵਤਾਵਾਦ ਦੇ ਸਮਾਨਤਾਵਾਦ ਦੇ ਅੰਦੋਲਨ ਨੂੰ ਅੱਗੇ ਵਧਾਉਣ ਦਾ ਸੰਕਲਪ ਹੈ ਜਿਹੜਾ ਬਾਬਾ ਨਾਨਕ, ਗੁਰੂ ਕਬੀਰ, ਗੁਰੂ ਫਰੀਦ, ਗੁਰੂ ਰਵਿਦਾਸ ਅਤੇ ਹੋਰ ਅਨੇਕਾਂ ਰਹਿਬਰ ਲੈ ਕੇ ਜੀਵਨ ਭਾਰ ਸੰਘਰਸ਼ ਕਰਦੇ ਰਹੇ ਅਤੇ ਇਸ ਨੂੰ ਜਾਰੀ ਰਖਣ ਦਾ ਸੰਦੇਸ਼ ਦਿੰਦੇ ਰਹੇ। ਬਸਪਾ ਅਤੇ ਬਹੁਜਨ ਰਹਿਬਰਾਂ ਦਾ ਸੰਕਲਪ ਜਾਤਪਾਤ, ਉਚਨੀਚ ਅਤੇ ਵਿਤਕਰੇਬਾਦੀ ਪ੍ਰਬੰਧ ਜਿਹੜਾ ਹਿੰਦੂ ਧਰਮ ਜਿਸ ਨੂੰ ਬ੍ਰਾਹਮਣ ਦੁਆਰਾ ਬਣਾਏ ਪ੍ਰਬੰਧ ਦੇ ਅਧੀਨ ਹਜਾਰਾਂ ਸਾਲ ਸ਼ੋਸ਼ਣ ਦਾ ਸਿਕਾਰ ਹੋ ਜਾਨਵਰਾਂ ਤੋਂ ਵੀ ਮਾੜੇ ਹਾਲਾਤਾਂ ਵਿੱਚ ਰਹਿਣ ਲਈ ਮਜਬੂਰ ਹੋਣਾ ਪਿਆ, ਉਸ ਨੂੰ ਖਤਮ ਕਰਕੇ ਭਾਰਤੀ ਸਮਾਜ ਨੂੰ ਅਜਾਦੀ, ਬਰਾਬਰੀ ਅਤੇ ਭਾਈਚਾਰੇ ਵਾਲਾ ਬਣਾਕੇ ਸਭ ਲਈ ਸਮਾਨ ਵਿਕਾਸਅਤੇ ਇਨਸਾਫ ਦੇ ਰਾਹ ਖੋਲਣਾ ਹੀ ਬਸਪਾ ਦਾ ਮਕਸਦ ਹੈ। ਹਰ ਇਕ ਸੰਗਠਨ ਵਾਂਗ ਬਸਪਾ ਵਿੱਚ ਵੀ ਕੁੱਝ ਲੋਕ ਵਿਚਾਰਾਧਾਰਾ ਤੋਂ ਅਣਜਾਣ ਜਾ ਗਲਤ ਵੀ ਹੋ ਸਕਦੇ ਹਨ, ਪਰ ਬਸਪਾ ਅਤੇ ਰਹਿਬਰਾਂ ਦੀ ਵਿਚਾਰਧਾਰਾ ਗਲਤ ਨਹੀਂ ਹੋ ਸਕਦੇ ਜਿਹੜੇ ਮਾਨਵਤਾ ਦੇ ਭਲੇ ਲਈ ਹੀ ਕੰਮ ਕਰਨ ਦੀ ਫਿਲਾਸਫੀ ਉੱਤੇ ਕੰਮ ਕਰਨ ਦਾ ਨਿਰਦੇਸ਼ ਦਿੰਦੀ ਹੈ

ਬਸਪਾ ਦੀ ਸਥਾਪਨਾ ਕਾਂਸ਼ੀ ਰਾਮ ਨੇ 14 ਅਪ੍ਰੈਲ 1984 ਨੂੰ, ਬੀ. ਆਰ. ਅੰਬੇਡਕਰ ਦੇ ਜਨਮ ਦਿਵਸ (ਬੀ. ਆਰ. ਅੰਬੇਡਕਰ) 'ਤੇ ਕੀਤੀ ਸੀ। ਪਾਰਟੀ ਗੌਤਮ ਬੁੱਧ, ਬੀ. ਆਰ. ਅੰਬੇਡਕਰ, ਮਹਾਤਮਾ ਜੋਤੀਬਾ ਫੂਲੇ, ਨਾਰਾਇਣ ਗੁਰੂ, ਪੇਰੀਆਰ ਈ. ਵੀ. ਰਾਮਾਸਵਾਮੀ ਅਤੇ ਛਤਰਪਤੀ ਸ਼ਾਹੂਜੀ ਮਹਾਰਾਜ (ਬੀ. ਐਸ. ਪੀ. ਦਰਸ਼ਨ) ਦੇ ਦਰਸ਼ਨ ਤੋਂ ਪ੍ਰੇਰਿਤ ਹੋਣ ਦਾ ਦਾਅਵਾ ਕਰਦੀ ਹੈ। ਕਾਂਸ਼ੀ ਰਾਮ ਨੇ 2001 ਵਿੱਚ ਮਾਇਆਵਤੀ ਨੂੰ ਆਪਣਾ ਉੱਤਰਾਧਿਕਾਰੀ ਨਾਮਜ਼ਦ ਕੀਤਾ (ਕਾਂਸ਼ੀ ਰਾਮ ਨੇ ਮਾਇਆਵਤੀ ਨੂੰ ਆਪਣਾ ਉੱਤਰਾਧਿਕਾਰੀ ਨਾਮਜ਼ਦ ਕੀਤਾ)।

ਬਸਪਾ ਦਾ ਮੁੱਖ ਅਧਾਰ ਭਾਰਤੀ ਰਾਜ ਉੱਤਰ ਪ੍ਰਦੇਸ਼ ਵਿੱਚ ਹੈ, ਜਿੱਥੇ ਇਹ 2019 ਦੀਆਂ ਆਮ ਚੋਣਾਂ ਵਿੱਚ 19.3% ਵੋਟਾਂ ਨਾਲ ਦੂਜੀ ਸਭ ਤੋਂ ਵੱਡੀ ਪਾਰਟੀ ਸੀ ਅਤੇ 2022 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿੱਚ 12.88% ਵੋਟਾਂ ਨਾਲ ਤੀਜੀ ਸਭ ਤੋਂ ਵੱਡੀ ਪਾਰਟੀ ਸੀ (ਬੀ. ਐਸ. ਪੀ., ਤੀਜੀ ਸਭ ਤੋਂ ਵੱਡੀ ਪਾਰਟੀ)। ਇਸਦਾ ਚੋਣ ਚਿੰਨ੍ਹ ਹਾਥੀ ਹੈ ਜੋ ਇਤਿਹਾਸਕ ਤੌਰ 'ਤੇ ਡਾ. ਅੰਬੇਡਕਰ ਦੇ ਅਨੁਸੂਚਿਤ ਜਾਤੀਆਂ ਸੰਘ (ਬਸਪਾ ਦਾ ਚੋਣ ਚਿੰਨ੍ਹ) ਦੁਆਰਾ ਵਰਤਿਆ ਜਾਣ ਵਾਲਾ ਚਿੰਨ੍ਹ ਹੈ।

ਉੱਤਰ ਪ੍ਰਦੇਸ਼ ਦੀ ਵਿਧਾਨ ਸਭਾ ਅਤੇ ਭਾਰਤ ਦੀ ਲੋਕ ਸਭਾ ਵਿੱਚ ਸੀਟਾਂ ਦੇ ਨਾਲ ਪਾਰਟੀ ਦੀ ਸ਼ਕਤੀ ਤੇਜ਼ੀ ਨਾਲ ਵਧੀ। 1993 ਵਿੱਚ, ਵਿਧਾਨ ਸਭਾ ਚੋਣਾਂ ਤੋਂ ਬਾਅਦ, ਮਾਇਆਵਤੀ ਨੇ ਸਮਾਜਵਾਦੀ ਪਾਰਟੀ (ਸਪਾ) ਦੇ ਪ੍ਰਧਾਨ ਮੁਲਾਇਮ ਸਿੰਘ ਯਾਦਵ ਨਾਲ ਮੁੱਖ ਮੰਤਰੀ ਵਜੋਂ ਗੱਠਜੋੜ ਬਣਾਇਆ। 2 ਜੂਨ 1995 ਨੂੰ, ਉਨ੍ਹਾਂ ਨੇ ਆਪਣੀ ਸਰਕਾਰ ਤੋਂ ਸਮਰਥਨ ਵਾਪਸ ਲੈ ਲਿਆ। ਮਾਇਆਵਤੀ ਨੇ 3 ਜੂਨ 1995 ਨੂੰ ਮੁੱਖ ਮੰਤਰੀ ਬਣਨ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਤੋਂ ਸਮਰਥਨ ਪ੍ਰਾਪਤ ਕੀਤਾ। ਅਕਤੂਬਰ 1995 ਵਿੱਚ, ਭਾਜਪਾ ਨੇ ਆਪਣਾ ਸਮਰਥਨ ਵਾਪਸ ਲੈ ਲਿਆ ਅਤੇ ਰਾਸ਼ਟਰਪਤੀ ਸ਼ਾਸਨ ਦੀ ਮਿਆਦ ਤੋਂ ਬਾਅਦ ਨਵੀਆਂ ਚੋਣਾਂ ਹੋਈਆਂ। 2003 ਵਿੱਚ, ਮਾਇਆਵਤੀ ਨੇ ਇਸਨੂੰ ਸਾਬਤ ਕਰਨ ਲਈ ਆਪਣੀ ਹੀ ਸਰਕਾਰ ਤੋਂ ਅਸਤੀਫਾ ਦੇ ਦਿੱਤਾ। 2007 ਵਿੱਚ, ਮਾਇਆਵਤੀ ਨੇ ਬਸਪਾ ਦੁਆਰਾ ਬਣਾਈ ਗਈ ਸਰਕਾਰ ਦੀ ਅਗਵਾਈ ਪੂਰੇ ਪੰਜ ਸਾਲਾਂ ਦੇ ਕਾਰਜਕਾਲ (ਮਾਇਆਵਤੀ ਮੁੱਖ ਮੰਤਰੀ ਉੱਤਰ ਪ੍ਰਦੇਸ਼) ਲਈ ਪੂਰਨ ਬਹੁਮਤ ਨਾਲ ਕਰਨੀ ਸ਼ੁਰੂ ਕਰ ਦਿੱਤੀ।

ਬਹੁਜਨ ਅਧਿਕਾਰਾਂ ਦੇ ਸਮਰਥਕ, ਬੀ.ਆਰ. ਅੰਬੇਡਕਰ, ਬਸਪਾ ਲਈ ਇੱਕ ਮਹੱਤਵਪੂਰਨ ਵਿਚਾਰਧਾਰਕ ਪ੍ਰੇਰਨਾ ਹਨ। ਬਸਪਾ ਧਾਰਮਿਕ ਘੱਟ ਗਿਣਤੀਆਂ ਦੇ ਹੱਕ ਵਿੱਚ ਵੀ ਬੋਲਦੀ ਹੈ।

ਡਾ. ਬੀ. ਆਰ. ਅੰਬੇਡਕਰ ਅਤੇ ਬਸਪਾ ਦੀ ਵਿਚਾਰਧਾਰਾ ਸੰਵਿਧਾਨ ਦੀ ਦਿਸ਼ਾ ਅਤੇ ਨਿਰਦੇਸ਼ਾਂ ਅਨੁਸਾਰ ਸਮਾਨਤਾਵਾਦੀ ਹੈ। ਇਹ ਵਿਚਾਰਧਾਰਾ ਭਾਰਤ ਵਿੱਚ ਆਰਥਿਕ, ਸਮਾਜਿਕ, ਰਾਜਨੀਤਿਕ ਸਮਾਨਤਾ ਨੂੰ ਜਮੀਨੀ ਪੱਧਰ ਤੇ ਲਿਆਉਣਾ ਚਾਹੁੰਦੀ ਹੈ। ਬਾਕੀ ਹੋਰ ਪਾਰਟੀਆਂ ਉਹ ਹਨ ਜਿਹਨਾ 78 ਸਾਲ ਰਾਜ ਕਰਕੇ ਭਾਰਤ ਵਿੱਚ ਅਸਮਾਨਤਾ ਵਿੱਚ ਵਾਧਾ ਕੀਤਾ ਹੈ, ਅੱਜ ਭਾਰਤ ਦੇ ਧਨ ਦਾ ਜਿਆਦਾਤਰ ਹਿੱਸਾ ਚੰਦ ਅਮੀਰਾਂ ਦੇ ਹੱਥਾਂ ਵਿੱਚ ਜਾ ਚੁੱਕਾ ਹੈ। ਹਰ ਰੋਜ ਭਾਰਤ ਦੇ ਆਮ ਲੋਕਾਂ ਦੇ ਹੱਥਾਂ ਵਿੱਚੋ ਧਨ ਨਿਕਲਦਾ ਜਾ ਰਿਹਾ ਹੈ ਅਸਮਾਨਤਾ ਵਿੱਚ ਵਾਧਾ ਲਗਾਤਾਰ ਹੋ ਰਿਹਾ ਹੈ। ਇਸ ਦੀ ਐਸਸੀ ਵਰਗ ਦੇ ਉਹਨਾ ਲੋਕਾਂ ਨੂੰ ਬਹੁਤੀ ਪਰਵਾਹ ਨਹੀਂ ਹੈ ਜਿਹਨਾਂ ਨੂੰ ਬਾਬਾ ਸਾਹਿਬ ਦੀ ਬਦੌਲਤ ਆਮ ਨਾਗਰਿਕ ਬਣਕੇ ਵਿਕਾਸ਼ ਕਰਨ ਦਾ ਮੌਕਾ ਹਾਸਲ ਕਰਕੇ ਪੜ੍ਹਨ ਲਿਖਣ ਦੇ ਮੋਕਾ ਮਿਲਿਆ ਅਤੇ ਅੱਜ ਅਮੀਰ ਹੋ ਕੇ ਕਰੋੜਪਤੀ ਬਣੇ ਹੋਏ ਹਨ। ਇਹ ਲੋਕ ਆਪਣੇ ਈਆਪਣੇ ਖੇਤਰ ਦੇ ਮਾਹਰ ਹੋ ਸਕਦੇ ਹਨ, ਪਰ ਜਦੋਂ ਉਹ ਆਪਣੇ ਆਪ ਨੂੰ ਰਾਜਨੀਤੀ ਦੇ ਮਾਹਰ ਵੀ ਮੰਨ ਕੇ ਰਾਜਨੀਤੀ ਦੇ ਖੇਤਰ ਵਿੱਚ ਪ੍ਰਮੁੱਖ ਆਗੂ ਹੋਣ ਦੀ ਲਾਲਸਾ ਲੈ ਕੇ ਪ੍ਰਮੁੱਖ ਨੰਬਰ ਦੇ ਨੇਤਾ ਹੋਣ ਦਾ ਝੰਡਾ ਫੜਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹ ਭੁ ਜਾਂਦੇ ਹਨ ਕਿ ਉਹਨਾ ਦਾ ਰਾਜਨੀਤਿਕ ਸਮਝ ਦਾ ਕੱਦ ਉਹਨਾ ਨੇਤਾਵਾਂ ਨਾਲੋਂ ਬਹੁਤ ਛੋਟਾ ਹੁੰਦਾ ਹੈ ਜਿਹਨਾ ਨੇ ਸਾਰੀ ਉਮਰ ਲਾ ਕੇ ਕੋਈ ਔਹਦਾ ਹਾਸਲ ਕੀਤਾ ਹੁੰਦਾ ਹੈ।

ਸੇਵਾ ਮੁਕਤ ਹੋਏ ਕਉੱਝ ਖਾਸ ਲੋਕ ਜਿਹਨਾ ਦਾ ਰਾਜਨੀਤੀ ਦੇ ਖੇਤਰ ਵਿੱਚ ਦਾਖਲ ਹੋਣ ਸਮੇਂ ' ਮਨ ਉੱਚਾ, ਮੱਤ ਨੀਵੀ' ਹੁੰਦੀ ਹੈ, ਅਜਿਹੇ ਲੋਕ ਆਪਣੇ ਮਨ ਮੁਤਾਬਿਕ ਧਨਬਲ ਦੇ ਸਹਾਰੇ ਪਾਰਟੀ ਵਿੱਚ ਡਰਾਈਵਰ ਵਾਲੀ ਸੀਟ ਉੱਤੇ ਬੈਠਣ ਦੀ ਲਾਲਸਾ ਰਖਦੇ ਹਨ। ਲਾਲਸਾ ਪੂਰੀ ਨਾਂ ਹੁੰਦੀ ਦੇਖ ਜਾ ਤਾਂ ਉਹ ਘੋਰ ਨਿਰਾਸਤਾ ਕਾਰਨ ਕਾਂਗਰਸ, ਭਾਜਪਾ, ਅਕਾਲੀਦਲ, ਆਪ ਪਾਰਟੀ ਦਾ ਪੱਲਾ ਫੜ ਲੈਂਦੇ ਹਨ ਜਾ ਕੋਈ ਵਾਰੀ ਨਵੀਂ ਪਾਰਟੀ ਬਣਾ ਰਾਸ਼ਟਰੀ ਪ੍ਰਧਾਨ ਬਣ ਬੈਠਦੇ ਹਨ। ਅਜਿਹਾ ਕਰਮ ਕਰਕੇ ਪਹਿਲਾਂ ਤਾਂ ਉਹ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਦੇ ਜੀਵਨ ਸੰਘਰਸ਼ ਨਾਲ ਬਣਾਈ ਪਾਰਟੀ ਦਾ ਨੁਕਸਾਨ ਕਰਦੇ ਹਨ ਸਗੋ ਕਈ ਦਹਾਕਿਆ ਨਾਲ ਬਣਾਏ ਆਪਣੇ ਨਾਮ ਦੇ ਨਾਲ ਇੱਕ ਕਾਲਾ ਦਾਗ ਵੀ ਲਾ ਪਿੱਛੇ ਰਹਿ ਗਏ ਸਮਾਜ ਨੂੰ ਨਰਕ ਵਿੱਚ ਬਣੇ ਰਹਿਣ ਦਾ ਕਾਰਨ ਬਣਦੇ ਹਨ।

# ਦਲਿਤ ਨੌਜਵਾਨਾਂ ਦੇ ਹੱਥ-ਪੈਰ ਬੰਨ੍ਹਣ ਤੋਂ ਬਾਅਦ ਉਨ੍ਹਾਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ! ਉਨ੍ਹਾਂ ਨੂੰ ਗੰਦਾ ਨਾਲਾ ਪਾਣੀ ਪੀਣ ਲਈ ਮਜਬੂਰ ਕੀਤਾ

## ਬਸਪਾ ਮੁਖੀ ਮਾਇਆਵਤੀ ਨੇ ਲਿਖਿਆ ਕਿ ਓਡੀਸ਼ਾ ਦੇ ਗੰਜਮ ਜ਼ਿਲ੍ਹੇ ਵਿੱਚ ਕੁਝ ਜਾਤੀਵਾਦੀ ਸੰਗਠਨਾਂ ਵੱਲੋਂ ਹਾਲ ਹੀ ਵਿੱਚ ਦੋ ਦਲਿਤ ਨੌਜਵਾਨਾਂ ਨਾਲ ਜੋ ਕੁਝ ਹੋਇਆ ਉਹ ਇੱਕ ਘੋਰ ਅਣਮਨੁੱਖੀ ਕਾਰਾ ਹੈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com



ਲਖਨਊ: ਬਹੁਜਨ ਸਮਾਜ ਪਾਰਟੀ ਸੁਪਰੀਮੋ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਮੰਗਲਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ x 'ਤੇ ਇੱਕ ਪੋਸਟ ਰਾਹੀਂ ਓਡੀਸ਼ਾ ਰਾਜ ਦੇ ਗੰਜਮ ਜ਼ਿਲ੍ਹੇ ਵਿੱਚ ਕੁਝ ਜਾਤੀਵਾਦੀ ਸੰਗਠਨਾਂ ਵੱਲੋਂ ਦੋ ਦਲਿਤ ਨੌਜਵਾਨਾਂ ਨਾਲ ਕੀਤੀ ਗਈ ਬੇਰਹਿਮੀ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਨੇ ਇਸ ਘਟਨਾ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

### ਗੰਜਮ ਜ਼ਿਲ੍ਹੇ ਵਿੱਚ ਦਲਿਤਾਂ ਨਾਲ ਅਣਮਨੁੱਖੀ ਘਟਨਾ

ਬਸਪਾ ਮੁਖੀ ਅਤੇ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਲਿਖਿਆ ਕਿ ਓਡੀਸ਼ਾ ਦੇ ਗੰਜਮ ਜ਼ਿਲ੍ਹੇ ਵਿੱਚ ਕੁਝ ਜਾਤੀਵਾਦੀ ਸੰਗਠਨਾਂ ਵੱਲੋਂ ਹਾਲ ਹੀ ਵਿੱਚ ਦੋ ਦਲਿਤ ਨੌਜਵਾਨਾਂ ਨਾਲ ਜੋ ਕੁਝ ਵਾਪਰਿਆ ਉਹ ਇੱਕ ਘੋਰ ਅਣਮਨੁੱਖੀ ਕਾਰਾ ਹੈ। ਦੋਸ਼ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਹੱਥ-ਪੈਰ ਬੰਨ੍ਹ ਕੇ ਬੇਰਹਿਮੀ ਨਾਲ ਕੁੱਟਿਆ ਗਿਆ, ਉਨ੍ਹਾਂ ਦੇ ਅੱਧੇ ਵਾਲ ਕੱਟ ਦਿੱਤੇ ਗਏ ਅਤੇ ਉਨ੍ਹਾਂ ਨੂੰ ਗੋਡਿਆਂ ਭਾਰ ਤੁਰਨ ਲਈ ਮਜਬੂਰ ਕੀਤਾ ਗਿਆ। ਇਸ ਦੇ ਨਾਲ ਹੀ ਇਨ੍ਹਾਂ ਨੌਜਵਾਨਾਂ ਨੂੰ ਨਾਲੇ ਦਾ ਗੰਦਾ ਪਾਣੀ ਪੀਣ ਲਈ ਵੀ ਕਿਹਾ ਗਿਆ। ਅਜਿਹੀਆਂ ਘਟਨਾਵਾਂ ਸਮਾਜ ਵਿੱਚ ਜਾਤੀਵਾਦ ਦੇ ਬਦਸੂਰਤ ਚਿਹਰੇ ਨੂੰ ਉਜਾਗਰ ਕਰਦੀਆਂ ਹਨ ਅਤੇ ਇਸਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਉਹ ਘੱਟ ਹੋਵੇਗੀ।

### ਸਖ਼ਤ ਕਾਨੂੰਨੀ ਕਾਰਵਾਈ ਦੀ ਲੋੜ

ਇਸ ਬਰਬਰਤਾ ਵਾਲੀ ਘਟਨਾ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਅਤੇ ਯੂਪੀ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਕਿਹਾ ਕਿ ਓਡੀਸ਼ਾ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਇਸ ਮਾਮਲੇ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਕਿਸੇ ਵੀ ਸੱਭਿਅਕ ਸਮਾਜ ਨੂੰ ਸਵੀਕਾਰ ਨਹੀਂ ਹੋ ਸਕਦੀਆਂ ਅਤੇ ਅਜਿਹੇ ਕੰਮ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ।

### ਮਾਇਆਵਤੀ ਅਪੀਲ

ਬਸਪਾ ਪ੍ਰਧਾਨ ਮਾਇਆਵਤੀ ਨੇ ਸਮਾਜ ਨੂੰ ਵੀ ਅਪੀਲ ਕੀਤੀ ਕਿ ਹਰ ਕੋਈ ਅਜਿਹੇ ਘਿਨਾਉਣੇ ਕੰਮਾਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰੇ ਤਾਂ ਜੋ ਸਮਾਜ ਵਿੱਚ ਸਮਾਨਤਾ ਅਤੇ ਮਨੁੱਖਤਾ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਜਾ ਸਕੇ।

# ਨਕਲ ਕਰਨੀ ਹੈ ਤਾਂ ਮਾਇਆਵਤੀ ਦੀ ਨਕਲ ਕਰੋ...' ਕੈਬਨਿਟ ਮੰਤਰੀ ਓਮ ਪ੍ਰਕਾਸ਼ ਰਾਜਭਰ ਨੇ ਅਖਿਲੇਸ਼ ਯਾਦਵ 'ਤੇ ਨਿਸ਼ਾਨਾ ਸਾਧਿਆ

## ਓਮ ਪ੍ਰਕਾਸ਼ ਰਾਜਭਰ: ਕੈਬਨਿਟ ਮੰਤਰੀ ਓਮ ਪ੍ਰਕਾਸ਼ ਰਾਜਭਰ ਨੇ ਅਖਿਲੇਸ਼ ਯਾਦਵ 'ਤੇ ਉਨ੍ਹਾਂ ਦੇ ਪੀਡੀਏ ਫਾਰਮੂਲੇ ਨੂੰ ਲੈ ਕੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਜਦੋਂ ਉਨ੍ਹਾਂ ਦੀ ਸਰਕਾਰ ਸੀ ਤਾਂ ਉਹ ਕੀ ਕਰ ਰਹੇ ਸਨ?

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

ਉੱਤਰ ਪ੍ਰਦੇਸ਼ ਸਰਕਾਰ ਵਿੱਚ ਕੈਬਨਿਟ ਮੰਤਰੀ ਓਮ ਪ੍ਰਕਾਸ਼ ਰਾਜਭਰ ਮੰਗਲਵਾਰ ਨੂੰ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਵਿਕਾਸ ਪ੍ਰੋਜੈਕਟਾਂ ਦੀ ਸਮੀਖਿਆ ਮੀਟਿੰਗ ਵਿੱਚ ਹਿੱਸਾ ਲੈਣ ਲਈ ਗਾਜ਼ੀਪੁਰ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਇਟਾਵਾ ਘਟਨਾ, ਅੱਬਾਸ ਅੰਸਾਰੀ ਅਤੇ ਹੋਰ ਕਈ ਮੁੱਦਿਆਂ 'ਤੇ ਖੁੱਲ੍ਹ ਕੇ ਗੱਲ ਕੀਤੀ। ਉਨ੍ਹਾਂ ਨੇ ਅਖਿਲੇਸ਼ ਯਾਦਵ ਦੇ ਪੀਡੀਏ ਫਾਰਮੂਲੇ 'ਤੇ ਵੀ ਸਖ਼ਤ ਨਿਸ਼ਾਨਾ ਸਾਧਿਆ ਅਤੇ ਇਸਨੂੰ ਪਰਿਵਾਰ ਵਿਕਾਸ ਅਥਾਰਟੀ ਕਿਹਾ।

ਜਦੋਂ ਓਮ ਪ੍ਰਕਾਸ਼ ਰਾਜਭਰ ਤੋਂ ਇਟਾਵਾ ਵਿੱਚ ਕਹਾਣੀਕਾਰਾਂ ਨਾਲ ਹੋਏ ਦੁਰਵਿਵਹਾਰ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਅਤੇ ਕਿਹਾ ਕਿ "ਸਾਡਾ ਸੰਵਿਧਾਨ ਕਿਸੇ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਇਹ ਲੜਾਈ ਅੱਜ ਦੀ ਨਹੀਂ ਹੈ, ਇਹ ਗੌਤਮ ਬੁੱਧ ਦੇ ਸਮੇਂ ਤੋਂ ਚੱਲ ਰਹੀ ਹੈ। ਬਾਬਾ ਸਾਹਿਬ ਅੰਬੇਡਕਰ ਨੇ ਇਸ ਅਪਮਾਨ ਨੂੰ ਬਰਦਾਸ਼ਤ ਕੀਤਾ ਅਤੇ ਸੰਵਿਧਾਨ ਵਿੱਚ ਹਰ ਕਿਸੇ ਨੂੰ ਸਤਿਕਾਰ ਦੇਣ ਦੀ ਵਿਵਸਥਾ ਕੀਤੀ। ਸਾਡਾ ਸੰਵਿਧਾਨ ਕਿਸੇ ਦੇ ਅਪਮਾਨ ਦੀ ਇਜਾਜ਼ਤ ਨਹੀਂ ਦਿੰਦਾ।"

### ਸਪਾ ਦੇ ਪੀਡੀਏ 'ਤੇ ਤਿੱਖਾ ਹਮਲਾ

ਕੈਬਨਿਟ ਮੰਤਰੀ ਨੇ ਇਸ ਦੌਰਾਨ ਸਮਾਜਵਾਦੀ ਪਾਰਟੀ 'ਤੇ ਵੀ ਸਖ਼ਤ ਨਿਸ਼ਾਨਾ ਸਾਧਿਆ। ਉਨ੍ਹਾਂ ਨੇ ਅਖਿਲੇਸ਼ ਯਾਦਵ ਦੇ ਪੀਡੀਏ (ਪੱਛੜੇ, ਦਲਿਤ, ਘੱਟ ਗਿਣਤੀ) ਫਾਰਮੂਲੇ 'ਤੇ ਵੀ ਤਿੱਖਾ ਹਮਲਾ ਕੀਤਾ ਅਤੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਨਕਲ ਕਰਨੀ ਹੀ ਪੈਂਦੀ ਤਾਂ ਉਨ੍ਹਾਂ ਨੂੰ ਮਾਇਆਵਤੀ ਜੀ ਦੀ ਨਕਲ ਕਰਨੀ ਚਾਹੀਦੀ ਸੀ। ਅੱਜ ਅਸੀਂ ਪੀਡੀਏ ਬਾਰੇ ਗੱਲ ਕਰ ਰਹੇ ਹਾਂ, ਤਾਂ ਸਾਨੂੰ ਦੱਸੋ ਕਿ ਜਦੋਂ ਤੁਸੀਂ ਸਰਕਾਰ ਵਿੱਚ ਸੀ ਤਾਂ ਤੁਸੀਂ ਕੀ ਕੀਤਾ ਸੀ? ਅੱਜ ਤੁਸੀਂ ਕਹਿ ਰਹੇ ਹੋ ਕਿ ਤੁਸੀਂ ਇੱਕ ਮੁਸਲਿਮ ਮੁੱਖ ਮੰਤਰੀ ਬਣਾਓਗੇ, ਇਸ ਲਈ ਹੁਣੇ ਐਲਾਨ ਕਰੋ। ਸੱਚਾਈ ਇਹ ਹੈ ਕਿ ਪੀਡੀਏ ਸਿਰਫ਼ ਉਨ੍ਹਾਂ ਲਈ ਵੋਟਾਂ ਪ੍ਰਾਪਤ ਕਰਨ ਦਾ ਇੱਕ ਸਾਧਨ ਹੈ। ਦਰਅਸਲ, ਉਹ 'ਪਰਿਵਾਰ ਵਿਕਾਸ ਅਥਾਰਟੀ' ਚਲਾਉਂਦੇ ਹਨ।

ਰਾਜਭਰ ਨੇ ਸਪਾ ਤੋਂ ਕੱਢੇ ਗਏ ਅਭੈ ਸਿੰਘ, ਰਾਕੇਸ਼ ਪ੍ਰਤਾਪ ਸਿੰਘ ਅਤੇ ਮਨੋਜ



ਕੁਮਾਰ ਪਾਂਡੇ ਬਾਰੇ ਵੀ ਇੱਕ ਵੱਡਾ ਦਾਅਵਾ ਕੀਤਾ ਅਤੇ ਕਿਹਾ ਕਿ ਉਹ ਪਹਿਲਾਂ ਹੀ ਆਪਣੇ ਆਪ ਤੋਂ ਵੱਖ ਹੋ ਚੁੱਕੇ ਹਨ ਅਤੇ ਹੁਣ ਪੰਜ ਹੋਰ ਵਿਧਾਇਕਾਂ ਨੂੰ ਵੀ ਸਪਾ ਤੋਂ ਕੱਢ ਦਿੱਤਾ ਜਾਵੇਗਾ। ਅੱਬਾਸ ਅੰਸਾਰੀ ਦੀ ਵਿਧਾਨ ਸਭਾ ਮੈਂਬਰਸ਼ਿਪ ਖਤਮ ਕਰਨ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਇਹ ਅਦਾਲਤ ਦਾ ਮਾਮਲਾ ਹੈ। ਅਸੀਂ 17 ਅਤੇ 22 ਵਿੱਚ ਲੜੇ ਹਾਂ, ਅਸੀਂ 27 ਵਿੱਚ ਵੀ ਲੜਾਂਗੇ।

# ਸੰਪਾਦਕ ਦੇ ਨਾਮ ਖਤ

## ਦਰਖਤਾਂ ਨੂੰ ਟਰੀ ਗਾਰਡ ਲਗਾ ਕੇ ਭੁੱਲੇ ........

ਪੰਜਾਬ ਵਿੱਚ ਆਮ ਹੀ ਵੇਖਣ ਵਿੱਚ ਆਉਂਦਾ ਹੈ ਕਿ ਅਨੇਕਾਂ ਥਾਂਵਾਂ ਤੇ ਵੱਡੇ ਵੱਡੇ ਦਰੱਖਤ ਹੋਣ ਦੇ ਬਾਵਜੂਦ ਵੀ ਉਹਨਾਂ ਦੇ ਸ਼ੁਰੂਆਤੀ ਦਿਨਾਂ ਵਿੱਚ ਲਗਾਏ ਟਰੀ ਗਾਰਡ ਬੁਰੀ ਤਰ੍ਹਾਂ ਫਸੇ/ਖੁੱਬੇ ਨਜ਼ਰ ਆਉਂਦੇ ਹਨ। ਕਈ ਥਾਂਵਾਂ ਤੇ ਤਾਂ ਦਰੱਖਤ ਬਹੁਤ ਹੀ ਬੁਰੀ ਤਰ੍ਹਾਂ ਚੀਰੇ ਹੋਏ ਵੇਖੇ ਜਾ ਸਕਦੇ ਹਨ। ਜਿਸ ਕਰਕੇ ਪੂਰੇ ਪੰਜਾਬ ਵਿੱਚ ਬਹੁਤ ਜਿਆਦਾ ਦਰੱਖਤਾਂ ਦਾ ਵਿਕਾਸ ਰੁਕਣ ਕਰਕੇ ਕਾਫ਼ੀ ਜਿਆਦਾ ਨੁਕਸਾਨ ਹੋ ਰਿਹਾ ਹੈ। ਕਈ ਕਈ ਸਾਲ ਬੀਤਣ ਉਪਰੰਤ ਵੀ ਦਰੱਖਤਾਂ ਦੇ ਦੁਆਲੇ ਤੋਂ ਟਰੀ ਗਾਰਡ ਨਹੀਂ ਹਟਾਏ ਜਾਂਦੇ। ਵੇਖਣ ਵਿੱਚ ਤਾਂ ਅਜਿਹਾ ਪ੍ਰਤੀਤ ਹੁੰਦਾ ਹੈ ਜਿਵੇਂ ਸਰਕਾਰ/ਵਿਭਾਗ ਇਹ ਟਰੀ ਗਾਰਡ ਲਗਾਕੇ ਭੁੱਲ ਹੀ ਚੁੱਕੇ ਹਨ। ਸਰਕਾਰ ਨੂੰ ਤੁਰੰਤ ਇਸ ਪਾਸੇ ਧਿਆਨ ਦੇ ਕੇ ਵੱਡੇ ਦਰੱਖਤਾਂ ਦੁਆਲਿਓਂ ਟਰੀ ਗਾਰਡ ਹਟਾਉਣੇ ਚਾਹੀਦੇ ਹਨ, ਤਾਂ ਜੋ ਵੱਡੀ ਪੱਧਰ ਦੇ ਹੋ ਰਹੇ ਦਰੱਖਤਾਂ ਦੇ ਨੁਕਸਾਨ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਹੁਣ ਦਰੱਖਤ ਲਗਾਉਣ ਦਾ ਸਮਾਂ ਬਰਸਾਤਾਂ ਕਾਰਨ ਸ਼ੁਰੂ ਹੋਣ ਵਾਲਾ ਹੈ। ਇਸ ਲਈ ਵੱਡੇ ਦਰੱਖਤਾਂ ਨਾਲੋਂ ਹਟਾਏ/ਕੱਢੇ ਟਰੀ ਗਾਰਡ ਨਵੇਂ ਲਗਾਏ ਦਰੱਖਤਾਂ ਦੇ ਦੁਆਲੇ ਲਗਾਏ ਜਾਣ ਕਰਕੇ ਕਾਫੀ ਜਿਆਦਾ ਪੈਸੇ ਦੀ ਬੱਚਤ ਵੀ ਕੀਤੀ ਜਾ ਸਕਦੀ ਹੈ। ਲੋੜ ਹੈ ਨੇਕ ਨੀਅਤ ਨਾਲ ਇਸ ਪਾਸੇ ਸਰਕਾਰ ਨੂੰ ਆਪਣੀ ਸਵੱਲੀ ਝਾਤ ਮਾਰਨ ਦੀ।

ਅੰਗਰੇਜ ਸਿੰਘ ਵਿੱਕੀ,
ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ)

# SIT ਤੇ ਵਿਜੀਲੈਂਸ ਜਾਂਚ 'ਚ ਬਿਕਰਮ ਮਜੀਠੀਆ ਵੱਲੋਂ ਨਸ਼ੀਲੇ ਪਦਾਰਥਾਂ ਦੀ ਵੱਡੀ ਲਾਂਡਰਿੰਗ ਦਾ ਹੋਇਆ ਖੁਲਾਸਾ

## AIG ਸਵਰਨਦੀਪ ਸਿੰਘ ਦੀ ਸ਼ਿਕਾਇਤ 'ਤੇ ਮਾਮਲਾ ਦਰਜ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠਿਆ ਵਿਰੁਧ ਵਿਜੀਲੈਂਸ ਵੱਲੋਂ ਦਰਜ਼ ਮੁਕੱਦਮੇ ਦੀ FIR ਸਾਹਮਣੇ ਆਈ ਹੈ, ਜਿਸਦੇ 'ਚ ਕਥਿਤ ਤੌਂਰ 'ਤੇ ਸਾਲ 2007 ਤੋਂ 2017 ਦੌਰਾਨ ਅਕਾਲੀ ਸਰਕਾਰ ਸਮੇਂ ਕਰੋੜਾਂ ਰੁਪਏ ਦਾ ਸ਼ੱਕੀ ਲੈਣ-ਦੇਣ ਤੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦਾ ਦਾਅਵਾ ਕੀਤਾ ਗਿਆ। ਇਸਤੋਂ ਇਲਾਵਾ ਵਿਜੀਲੈਂਸ ਦੇ ਬੁਲਾਰੇ ਵੱਲੋਂ ਵੀ ਜਾਰੀ ਕੀਤੇ ਪ੍ਰੈਸ ਬਿਆਨ ਮੁਤਾਬਕ ਪੁਲਿਸ ਸਟੇਸ਼ਨ ਪੰਜਾਬ ਸਟੇਟ ਕ੍ਰਾਈਮ ਅਤੇ ਵਿਜੀਲੈਂਸ ਬਿਊਰੋ ਵਿੱਚ ਦਰਜ 2021 ਦੀ ਐਫਆਈਆਰ ਨੰਬਰ 02 ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਵੱਲੋਂ ਕੀਤੀ ਗਈ ਜਾਂਚ ਵਿੱਚ ਬਿਕਰਮ ਸਿੰਘ ਮਜੀਠੀਆ ਦੁਆਰਾ ਸਹਾਇਤਾ ਪ੍ਰਾਪਤ ਡਰੱਗ ਮਨੀ ਦੀ ਵੱਡੇ ਪੱਧਰ `ਤੇ ਲਾਂਡਰਿੰਗ ਦਾ ਖੁਲਾਸਾ ਹੋਇਆ ਹੈ।

ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ 540 ਕਰੋੜ ਰੁਪਏ ਤੋਂ ਵੱਧ ਡਰੱਗ ਮਨੀ ਨੂੰ ਕਈ ਤਰੀਕਿਆਂ ਨਾਲ ਲਾਂਡਰ ਕੀਤਾ ਗਿਆ ਹੈ, ਜਿਸ ਵਿੱਚ (i) ਬਿਕਰਮ ਸਿੰਘ ਮਜੀਠੀਆ ਦੁਆਰਾ ਨਿਯੰਤਰਿਤ ਕੰਪਨੀਆਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾ 161 ਕਰੋੜ ਰੁਪਏ ਦੀ ਵੱਡੀ ਬੇਹਿਸਾਬੀ ਨਕਦੀ,(ii) ਸ਼ੱਕੀ ਵਿਦੇਸ਼ੀ ਸੰਸਥਾਵਾਂ ਰਾਹੀਂ 141 ਕਰੋੜ ਰੁਪਏ ਦਾ ਚੈਨਲਾਈਜ਼ੇਸ਼ਨ (iii) ਕੰਪਨੀ ਦੇ ਵਿੱਤੀ ਬਿਆਨਾਂ ਵਿੱਚ ਖੁਲਾਸੇ/ ਸਪਸ਼ਟੀਕਰਨ ਤੋਂ ਬਿਨਾਂ 236 ਕਰੋੜ ਰੁਪਏ ਦੀ ਵਾਧੂ ਜਮ੍ਹਾਂ ਰਕਮ ਅਤੇ(iv) ਬਿਕਰਮ ਸਿੰਘ ਮਜੀਠੀਆ ਦੁਆਰਾ ਆਮਦਨ ਦੇ ਕਿਸੇ ਜਾਇਜ਼ ਸਰੋਤ ਤੋਂ ਬਿਨਾਂ ਚੱਲ/ ਅਚੱਲ ਜਾਇਦਾਦ ਦੀ ਪ੍ਰਾਪਤੀ ਸ਼ਾਮਲ ਹੈ।ਪੰਜਾਬ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਅੱਜ ਇੱਥੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਐਫਆਈਆਰ ਨੰਬਰ 02 ਮਿਤੀ 20-12-2021 ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਦੀ ਰਿਪੋਰਟ ਦੇ ਆਧਾਰ 'ਤੇ ਕੇਸ ਦਰਜ ਕੀਤਾ ਹੈ।

ਇਹ ਐਫਆਈਆਰ ਐਨਡੀਪੀਐਸ ਐਕਟ 1985 ਦੀ ਧਾਰਾ 25, 27-ਏ ਅਤੇ 29 ਤਹਿਤ ਥਾਣਾ ਪੰਜਾਬ ਰਾਜ ਅਪਰਾਧ, ਐਸਏਐਸ ਨਗਰ ਵਿੱਚ ਦਰਜ ਕੀਤੀ ਗਈ ਹੈ, ਜਿਸ ਵਿੱਚ ਬਿਕਰਮ ਸਿੰਘ ਮਜੀਠੀਆ ਵੱਲੋਂ ਵੱਡੇ ਪੱਧਰ 'ਤੇ ਨਸ਼ੀਲੇ ਪਦਾਰਥਾਂ ਦੀ ਮਨੀ ਲਾਂਡਰਿੰਗ ਨੂੰ ਦਰਸਾਉਂਦੇ ਠੋਸ ਸਬੂਤ ' ਸਾਹਮਣੇ ਆਏ ਹਨ।ਇਨ੍ਹਾਂ ਲੈਣ-ਦੇਣਾਂ ਦੀ ਜਾਂਚ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਜਾ ਰਹੀ ਹੈ ਅਤੇ ਐਸ.ਆਈ.ਟੀ. ਵੱਲੋਂ ਕੀਤੀ ਗਈ ਜਾਂਚ ਤੋਂ ਸਪੱਸ਼ਟ ਤੌਰ 'ਤੇ ਪਤਾ ਚੱਲਦਾ ਹੈ ਕਿ ਇਹ ਫੰਡ ਬਿਕਰਮ ਸਿੰਘ ਮਜੀਠੀਆ ਵੱਲੋਂ ਸਰਾਇਆ ਇੰਡਸਟਰੀਜ਼ ਵਿੱਚ ਭੇਜੇ ਗਏ ਨਸ਼ੀਲੇ ਪਦਾਰਥਾਂ ਦੇ ਮਨੀ ਨੂੰ ਲਾਂਡਰ ਕੀਤਾ ਗਿਆ ਸੀ।ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਅੱਗੇ ਕਿਹਾ ਕਿ ਹੁਣ ਤੱਕ, 540 ਕਰੋੜ ਰੁਪਏ ਦੇ ਨਸ਼ੀਲੇ ਪਦਾਰਥਾਂ ਦੇ ਮਨੀ ਨੂੰ ਗੈਰ-ਕਾਨੂੰਨੀ ਢੰਗ ਨਾਲ ਅਤੇ ਬਿਕਰਮ ਸਿੰਘ ਮਜੀਠੀਆ ਦੇ ਪ੍ਰਭਾਵ ਦੀ ਵਰਤੋਂ ਕਰਕੇ ਇੱਕ ਜਨਤਕ ਸੇਵਕ ਵਜੋਂ ਵਿਧਾਇਕ ਹੋਣ ਅਤੇ ਪਿਛਲੀ ਪੰਜਾਬ ਸਰਕਾਰ ਵਿੱਚ ਕੈਬਨਿਟ ਅਹੁਦਾ ਸੰਭਾਲਣ ਕਰਕੇ ਪੈਦਾ ਕੀਤਾ ਗਿਆ ਸੀ।

ਬੀਬੀਸੀ ਦਿ ਰਿਪੋਰਟ ਅਨੁਸਾਰ, ਦਸੰਬਰ 2021 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠਿਆ ਖ਼ਿਲਾਫ਼ ਨਸ਼ੇ ਦੇ ਮਾਮਲੇ ਵਿੱਚ ਐੱਫਆਈਆਰ ਦਰਜ ਕੀਤੀ ਗਈ ਸੀ।

ਮੁਹਾਲੀ ਵਿੱਚ ਦਰਜ ਕੀਤੀ ਗਈ ਇਹ ਐੱਫ਼ਆਈਆਰ ਐੱਨਡੀਪੀਐੱਸ ਦੀ ਧਾਰਾ 25, 27 A ਤੇ 29 ਦੇ ਤਹਿਤ ਦਰਜ ਕੀਤੀ ਗਈ ਸੀ।

ਦਰਅਸਲ 2013 ਵਿੱਚ ਜਦੋਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ, ਉਸ ਦੌਰਾਨ ਹਜ਼ਾਰਾਂ ਕਰੋੜ ਰੁਪਏ ਦੇ ਡਰੱਗ ਰੈਕਟ ਦਾ ਪਰਦਾਫਾਸ਼ ਹੋਇਆ ਸੀ। ਕਈ ਸਾਲਾਂ ਤੋਂ ਇਹ ਕੇਸ 'ਭੋਲਾ ਡਰੱਗ ਕੇਸ' ਵਜੋਂ ਜਾਣਿਆ ਜਾਂਦਾ ਰਿਹਾ ਹੈ।ਪੰਜਾਬ ਪੁਲਿਸ ਦਾ ਬਰਖ਼ਾਸਤ ਡੀਐੱਸਪੀ ਤੇ ਕੌਮਾਂਤਰੀ ਭਲਵਾਨ ਜਗਦੀਸ਼ ਸਿੰਘ ਭੋਲਾ ਇਸ ਮਾਮਲੇ ਦਾ ਮੁੱਖ ਮੁਲਜ਼ਮ ਸੀ ਜੋ ਕੁਝ ਹਫ਼ਤੇ ਪਹਿਲਾਂ ਹੀ ਜੇਲ੍ਹ



ਤੋਂ ਜਮਾਨਤ ਉੱਤੇ ਬਾਹਰ ਆਇਆ ਹੈ।

2021 ਦੌਰਾਨ ਇਸ ਮਾਮਲੇ ਵਿੱਚ ਬਿਕਰਮ ਮਜੀਠੀਆ ਉੱਤੇ ਇਲਜ਼ਾਮ ਲਾਏ ਗਏ ਕਿ ਉਨ੍ਹਾਂ ਨੇ ਡਰੱਗ ਮਾਫੀਆ ਦੇ ਮੁੱਖ ਸਰਗਨੇ ਜਗਦੀਸ਼ ਭੋਲਾ, ਮਨਿੰਦਰ ਸਿੰਘ ਔਲਖ਼ ਅਤੇ ਜਗਜੀਤ ਸਿੰਘ ਚਾਹਲ ਨੂੰ ਵਿੱਤੀ ਅਤੇ ਲੌਜਿਸਟਿਕ ਮਦਦ ਮੁਹੱਈਆ ਕਰਵਾਈ ਸੀ।

ਇਹ ਮਾਮਲਾ ਕਈ ਸਾਲ ਅਦਾਲਤਾਂ ਦੇ ਚੱਕਰ ਕੱਟਦਾ ਰਿਹਾ ਅਤੇ ਬਿਕਰਮ ਮਜੀਠੀਆ ਇਸ ਮਾਮਲੇ ਨੂੰ ਆਪਣੇ ਖਿਲਾਫ਼ ਸਿਆਸੀ ਸਾਜਿਸ਼ ਕਰਾਰ ਦਿੰਦੇ ਰਹੇ ਹਨ।

ਫਰਵਰੀ 2022 ਵਿੱਚ ਮਜੀਠੀਆ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਹ ਕਈ ਮਹੀਨੇ ਜੇਲ੍ਹ ਵਿੱਚ ਰਹੇ ਅਤੇ ਅਗਸਤ 2022 ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਉਨ੍ਹਾਂ ਨੂੰ ਜਮਾਨਤ ਦੇ ਦਿੱਤੀ। ਉਨ੍ਹਾਂ ਉੱਤੇ ਸ਼ਰਤ ਲਾਈ ਗਈ ਕਿ ਉਹ ਇਸ ਮਾਮਲੇ ਬਾਰੇ ਨਾ ਸਿਆਸੀ ਅਤੇ ਨਾ ਜਨਤਕ ਤੌਰ ਉੱਤੇ ਕੋਈ ਬਿਆਨਬਾਜ਼ੀ ਕਰਨਗੇ।

ਮਜੀਠੀਆ ਦੀ ਜਮਾਨਤ ਨੂੰ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ, ਪਰ ਸੁਪਰੀਮ ਕੋਰਟ ਨੇ ਜਮਾਨਤ ਨੂੰ ਬਰਕਰਾਰ ਰੱਖਦਿਆਂ ਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ। ਇਸ ਕੜੀ ਵਿੱਚ ਮਾਰਚ 2025 ਵਿੱਚ ਮਜੀਠੀਆ ਪੁੱਛਗਿੱਛ ਲਈ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਹੁੰਦੇ ਰਹੇ।

ਵਿਜੀਲੈਂਸ ਦਾ ਕਹਿਣਾ ਹੈ ਕਿ ਉਹ ਬਿਕਰਮ ਮਜੀਠੀਆ ਅਤੇ ਡਰੱਗ ਸਿੰਡੀਕੇਟ ਵਿਚਾਲੇ ਹੋਏ ਲੈਣ-ਦੇਣ ਅਤੇ ਹਵਾਲਾ ਮਾਮਲੇ ਦੀ ਜਾਂਚ ਕਰ ਰਹੇ ਹਨ।

# ਪੰਜਾਬ ਵਿੱਚ ਨਸ਼ਾ ਤਸਕਰਾਂ ਦੇ ਵਧਦੇ ਹੌਸਲੇ ਅਤੇ ਆਮ ਲੋਕਾਂ ਦੀ ਸੁਰੱਖਿਆ 'ਤੇ ਸਵਾਲ

## ਨਸ਼ਾ ਤਸਕਰ ਥਾਣੇ ਤੋਂ ਵਾਪਸ ਆਏ, ਉਸ ਨੂੰ ਰਸਤੇ ਵਿੱਚੋਂ ਚੁੱਕਿਆ,'ਮੁਖ਼ਬਰੀ' ਕਰਨ 'ਤੇ ਨਾਬਾਲਗ ਨੌਜਵਾਨ ਨੂੰ ਦਿੱਤੀ 'ਤਾਲੀਬਾਨੀ' ਸਜ਼ਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

ਇਥੇ ਫ਼ਰੀਦਕੋਟ ਰੋਡ 'ਤੇ ਸਥਿਤ ਪਿੰਡ ਨਵਾਂ ਪੂਰਬਾ ਵਿੱਚ ਨਸ਼ਾ ਤਸਕਰਾਂ ਦੀ ਦਹਿਸ਼ਤ ਦਾ ਇੱਕ ਭਿਆਨਕ ਮਾਮਲਾ ਸਾਹਮਣੇ ਆਇਆ ਹੈ। ਨਸ਼ਾ ਤਸਕਰਾਂ ਨੇ ਉਨ੍ਹਾਂ ਦੀ ਪੁਲੀਸ ਕੋਲ ਮੁਖ਼ਬਰੀ ਦੇ ਸ਼ੱਕ ਵਿੱਚ ਇੱਕ ਨਾਬਾਲਗ ਨੌਜਵਾਨ ਨੂੰ ਬੇਰਹਿਮੀ ਨਾਲ ਕੁੱਟਿਆ ਅਤੇ ਉਸ ਨੂੰ ਅੱਧ-ਨੰਗਾ ਕਰਕੇ ਉਸਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ।

ਇਹ ਘਟਨਾ ਤਿੰਨ-ਚਾਰ ਦਿਨ ਪਹਿਲਾਂ ਦੀ ਦੱਸੀ ਜਾ ਰਹੀ ਹੈ, ਜਿਸ ਨੇ ਪੂਰੇ ਇਲਾਕੇ ਵਿੱਚ ਸਨਸਨੀ ਫੈਲਾ ਦਿੱਤੀ ਹੈ। ਪੀੜਤ ਨੌਜਵਾਨ ਵਿਸ਼ਾਲ, ਜੋ ਦਿਹਾੜੀ ਮਜ਼ਦੂਰੀ ਕਰਦਾ ਹੈ, ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਪੁਲੀਸ ਨੇ ਉਸਦੇ ਪਿੰਡ ਦੇ ਕੁਝ ਨਸ਼ਾ ਤਸਕਰਾਂ ਨੂੰ ਫੜਿਆ ਸੀ। ਜਦੋਂ ਉਹ ਤਸਕਰ ਥਾਣੇ ਤੋਂ ਵਾਪਸ ਆਏ, ਤਾਂ ਉਨ੍ਹਾਂ ਨੇ ਆਪਣੇ ਕੁਝ ਹੋਰ ਸਾਥੀਆਂ ਨਾਲ ਮਿਲ ਕੇ ਉਸਨੂੰ ਰਸਤੇ ਵਿੱਚੋਂ ਹੀ ਚੁੱਕ ਲਿਆ।

ਉਸ ਨੇ ਦੋਸ਼ ਲਾਇਆ ਕਿ ਉਸ ਦੀਆਂ ਅੱਖਾਂ ਵਿੱਚ ਲਾਲ ਮਿਰਚਾਂ ਪਾਈਆਂ ਗਈਆਂ ਅਤੇ ਉਸ ਨੂੰ ਨੇੜਲੇ ਪਿੰਡ ਰੁਕਨਾ ਮੁੰਗਲਾ ਲਿਜਾ ਕੇ ਬੇਰਹਿਮੀ ਨਾਲ ਕੁੱਟਿਆ ਗਿਆ। ਡਰ ਕਾਰਨ ਵਿਸ਼ਾਲ ਨੇ ਪਹਿਲਾਂ ਕਿਸੇ ਨੂੰ ਇਸ ਘਟਨਾ ਬਾਰੇ ਨਹੀਂ ਦੱਸਿਆ, ਪਰ ਜਦੋਂ ਹਮਲਾਵਰਾਂ ਨੇ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ, ਤਾਂ ਮਾਮਲਾ ਸਾਹਮਣੇ ਆਇਆ।

ਵਿਸ਼ਾਲ ਦਾ ਕਹਿਣਾ ਹੈ ਕਿ ਉਸਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦੀ ਮਾਂ ਬੀਮਾਰੀ ਕਾਰਨ ਹਸਪਤਾਲ ਵਿੱਚ ਦਾਖਲ ਹੈ। ਘਰ ਵਿੱਚ ਉਸ ਦੀ ਛੋਟੀ ਭੈਣ ਵੀ ਹੈ। ਹਮਲਾਵਰਾਂ ਦੀਆਂ ਧਮਕੀਆਂ ਕਾਰਨ ਉਹ ਸਹਿਮਿਆ ਹੋਇਆ ਹੈ।

### ਕੀ ਕਹਿੰਦੇ ਨੇ ਪੁਲੀਸ ਅਧਿਕਾਰੀ

ਪੀੜਤ ਵਿਸ਼ਾਲ ਵੱਲੋਂ ਪੁਲੀਸ ਨੂੰ ਸ਼ਿਕਾਇਤ ਦੇਣ ਤੋਂ ਬਾਅਦ ਹਲਕਾ ਡੀਐਸਪੀ ਕਰਨ ਸ਼ਰਮਾ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਵਿਸ਼ਾਲ ਨੇ ਆਪਣੀ ਸ਼ਿਕਾਇਤ ਵਿੱਚ ਕੁੱਟਮਾਰ ਕਰਨ ਵਾਲਿਆਂ ਦੇ ਨਾਮ ਵੀ ਲਿਖੇ ਹਨ। ਡੀਐਸਪੀ ਸ਼ਰਮਾ ਨੇ ਭਰੋਸਾ ਦਿੱਤਾ ਹੈ ਕਿ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।



ਉਨ੍ਹਾਂ ਇਹ ਵੀ ਕਿਹਾ ਕਿ ਨਸ਼ਾ ਤਸਕਰਾਂ ਬਾਰੇ ਸੂਚਨਾ ਦੇਣ ਵਾਲਿਆਂ ਦੀ ਸੁਰੱਖਿਆ ਪੁਲੀਸ ਦੀ ਜ਼ਿੰਮੇਵਾਰੀ ਹੈ ਅਤੇ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਨੂੰ ਸਫਲ ਬਣਾਇਆ ਜਾਵੇਗਾ। ਇਸ ਘਟਨਾ ਨੇ ਇੱਕ ਵਾਰ ਫਿਰ ਪੰਜਾਬ ਵਿੱਚ ਨਸ਼ਾ ਤਸਕਰਾਂ ਦੇ ਵਧਦੇ ਹੌਸਲੇ ਅਤੇ ਆਮ ਲੋਕਾਂ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

# ਕੀ ਮਜੀਠੀਆ ਦੱਸਣਗੇ ਕਿ 500 ਕਰੋੜ ਦੀ ਬੇਹਿਸਾਬ ਦੌਲਤ ਨਸ਼ਿਆਂ ਦੇ ਕਾਲੇ ਕਾਰੋਬਾਰ ਤੋਂ ਕਮਾਈ ਹੈ? – ਹਰਪਾਲ ਚੀਮਾ

## ਆਪ ਸਰਕਾਰ ਨਸ਼ਿਆਂ ਦੇ ਖਿਲਾਫ਼ ਲੜ ਰਹੀ ਹੈ ਸਿੱਧੀ ਜੰਗ, ਕਾਨੂੰਨ ਤੋਂ ਉੱਪਰ ਕੋਈ ਨਹੀਂ – ਅਮਨ ਅਰੋੜਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ 'ਤੇ ਆਮ ਆਦਮੀ ਪਾਰਟੀ (ਆਪ) ਨੇ ਕਿਹਾ ਕਿ 'ਆਪ' ਸਰਕਾਰ ਨਸ਼ਿਆਂ ਵਿਰੁੱਧ ਜੰਗ ਲੜ ਰਹੀ ਹੈ ਅਤੇ ਕੋਈ ਵੀ ਵਿਅਕਤੀ ਕਾਨੂੰਨ ਤੋਂ ਉੱਪਰ ਨਹੀਂ ਹੈ। ਜਿਸਨੇ ਵੀ ਗਲਤ ਕੀਤਾ ਹੈ, ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇਸ ਮਾਮਲੇ 'ਤੇ ਮੀਡੀਆ ਨੂੰ ਸੰਬੋਧਨ ਕਰਦਿਆਂ 'ਆਪ' ਆਗੂ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਇੱਕ ਬੇਮਿਸਾਲ ਜੰਗ ਚੱਲ ਰਹੀ ਹੈ। 'ਆਪ' ਸਰਕਾਰ ਉਨ੍ਹਾਂ ਲੋਕਾਂ ਵਿਰੁੱਧ ਲੜ ਰਹੀ ਹੈ ਜਿਨ੍ਹਾਂ ਨੇ ਅਕਾਲੀ ਦਲ-ਭਾਜਪਾ ਅਤੇ ਕਾਂਗਰਸ ਦੇ ਰਾਜ ਦੌਰਾਨ ਦਹਾਕਿਆਂ ਤੱਕ ਨਸ਼ਿਆਂ ਦੇ ਕਾਰੋਬਾਰ ਤੋਂ ਮੁਨਾਫ਼ਾ ਕਮਾਇਆ।





ਕੋਈ ਵਿਅਕਤੀ ਕਿੰਨਾ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਵੇ, ਜੇਕਰ ਉਹ ਨਸ਼ਿਆਂ ਨਾਲ ਸਬੰਧਿਤ ਗਤੀਵਿਧੀਆਂ ਵਿੱਚ ਸ਼ਾਮਲ ਹੈ, ਤਾਂ ਉਸਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।

ਹਰਪਾਲ ਚੀਮਾ ਨੇ ਕਿਹਾ ਕਿ ਨਸ਼ਿਆਂ ਦੀ ਲਤ ਅਤੇ ਅਪਰਾਧ ਦੀ ਸਮੱਸਿਆ ਤੋਂ ਤੰਗ ਆ ਕੇ ਪੰਜਾਬ ਦੇ ਲੋਕਾਂ ਨੇ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ, ਕਿਉਂਕਿ ਪੰਜਾਬ ਦੇ ਲੋਕਾਂ ਨੇ ਪਿਛਲੀਆਂ ਸਰਕਾਰਾਂ ਦੀਆਂ ਅਸਫਲਤਾਵਾਂ ਦੇਖੀਆਂ ਹਨ। ਸਾਡੀ ਸਰਕਾਰ ਨੇ ਇਹ ਲੜਾਈ ਇਸ ਲਈ ਸ਼ੁਰੂ ਕੀਤੀ ਹੈ ਤਾਂ ਜੋ ਕੋਈ ਵੀ ਨਸ਼ਾ ਤਸਕਰ, ਭਾਵੇਂ ਉਹ ਵੱਡਾ ਹੋਵੇ ਜਾਂ ਛੋਟਾ, ਇਨਸਾਫ਼ ਤੋਂ ਬਚ ਨਾ ਸਕੇ। ਇਹ ਲੜਾਈ ਪੰਜਾਬ ਦੇ ਭਵਿੱਖ ਲਈ ਹੈ।"

ਆਪ ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਨਸ਼ਿਆਂ ਵਿਰੁੱਧ ਸਰਕਾਰ ਦੀ ਮੁਹਿੰਮ ਵਿੱਚ ਰਾਜਨੀਤਿਕ ਬਦਲਾਖੋਰੀ ਦੇ ਦੋਸ਼ਾਂ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਾਰੀਆਂ ਕਾਰਵਾਈਆਂ ਸਬੂਤਾਂ ਅਤੇ ਕਾਨੂੰਨ ਦੀ ਢੁੱਕਵੀਂ ਪ੍ਰਕਿਰਿਆ ਦੇ ਆਧਾਰ 'ਤੇ ਕੀਤੀਆਂ ਜਾਂਦੀਆਂ ਹਨ। ਬਦਲਾਖੋਰੀ ਦੇ ਦਾਅਵੇ ਬੇਬੁਨਿਆਦ ਹਨ। ਜੇਕਰ ਵਿਜੀਲੈਂਸ ਜਾਂ ਪੁਲਿਸ ਨੂੰ ਕੋਈ ਸ਼ਿਕਾਇਤ ਮਿਲਦੀ ਹੈ, ਤਾਂ ਉਹ ਉਸ ਅਨੁਸਾਰ ਕਾਰਵਾਈ ਕਰਦੇ ਹਨ। ਕਾਨੂੰਨ ਆਪਣਾ ਕੰਮ ਸੁਤੰਤਰ ਤੌਰ 'ਤੇ ਕਰ ਰਿਹਾ ਹੈ। ਜੇਕਰ ਕੋਈ ਬੇਕਸੂਰ ਹੈ, ਤਾਂ ਉਸਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਜਾਂਚ ਏਜੰਸੀਆਂ ਰਾਜਨੀਤਿਕ ਬਦਲਾਖੋਰੀ ਲਈ ਕੋਈ ਕਾਰਵਾਈ ਨਹੀਂ ਕਰਦੀਆਂ ਸਗੋਂ ਇਨਸਾਫ਼ ਯਕੀਨੀ ਬਣਾਉਣ ਲਈ ਕਾਰਵਾਈ ਕੀਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਲਗਾਤਾਰ ਕਿਹਾ ਹੈ ਕਿ ਉਨ੍ਹਾਂ ਦੀਆਂ ਕਾਰਵਾਈਆਂ ਲੋਕਾਂ ਦੁਆਰਾ ਦਿੱਤੇ ਗਏ ਫਤਵੇ ਨੂੰ ਪੂਰਾ ਕਰਨ ਦੀ ਵਚਨਬੱਧਤਾ ਤੋਂ ਪ੍ਰੇਰਿਤ ਹਨ। ਇਹ ਕਾਰਵਾਈ ਵੀ ਰਾਜਨੀਤੀ ਲਈ ਨਹੀਂ ਸਗੋਂ ਨਸ਼ਿਆਂ ਦੀ ਦੁਰਵਰਤੋਂ ਦੇ ਦੋਸ਼ੀਆਂ ਨੂੰ ਫੜਨ ਲਈ ਹੈ। ਪੰਜਾਬ ਦੇ ਲੋਕਾਂ ਨੇ ਸਾਨੂੰ ਬਦਲਾਅ ਲਈ ਵੋਟ ਦਿੱਤੀ ਹੈ, ਇਸ ਲਈ ਅਸੀਂ ਸੂਬੇ ਵਿੱਚ ਸਾਲਾਂ ਤੋਂ ਚੱਲ ਰਹੀ ਨਸ਼ਿਆਂ ਦੀ ਸਮੱਸਿਆ ਨੂੰ ਖਤਮ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰ ਰਹੇ ਹਾਂ।

# ਆਯੁਸ਼ਮਾਨ ਆਰੋਗਿਆ ਕੇਂਦਰ ਚੈੜੀਆਂ 'ਚ ਟੀਕਾਕਰਣ ਸ਼ਿਵਿਰ ਸਫਲਤਾਪੂਰਵਕ ਆਯੋਜਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

ਰੂਪਨਗਰ, 25 ਜੂਨ : ਆਯੁਸ਼ਮਾਨ ਆਰੋਗਿਆ ਕੇਂਦਰ ਚੈੜੀਆਂ ਵਿਖੇ ਇੱਕ ਦਿਨਾ ਟੀਕਾਕਰਣ ਸ਼ਿਵਿਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਨੂੰ ਮੁਫ਼ਤ ਟੀਕੇ ਲਗਾਏ ਗਏ। ਇਹ ਸ਼ਿਵਿਰ ਸਮੂਹਕ ਤੌਰ 'ਤੇ ਸਮੁਦਾਇਕ ਸਿਹਤ ਅਧਿਕਾਰੀ ਹਿਮਾਂਸ਼ੂ ਅਤੇ ਏ.ਐਨ.ਐਮ ਨਰਿੰਦਰ ਕੌਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ।



ਸ਼ਿਵਿਰ ਵਿੱਚ ਨਵੇਂ ਜਨਮੇ ਬੱਚਿਆਂ ਤੋਂ ਲੈ ਕੇ 5 ਸਾਲ ਤੱਕ ਦੇ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਨੂੰ ਸਮੂਹਿਕ ਟੀਕਾਕਰਣ ਕੈਲੰਡਰ ਅਨੁਸਾਰ ਟੀਕੇ ਲਗਾਏ ਗਏ। ਇਹ ਟੀਕੇ ਖਸਰਾ, ਰੂਬੇਲਾ, ਬੀਸੀਜੀ, ਪੇਂਟਾਵੈਲੇਂਟ, ਪੋਲਿਓ ਅਤੇ ਟੀਟੀ ਆਦਿ ਰੋਗਾਂ ਤੋਂ ਬਚਾਅ ਲਈ ਲਗਾਏ ਗਏ।

ਸ਼ਿਵਿਰ ਦੀ ਸਫਲਤਾ ਵਿਚ ਆਸ਼ਾ ਵਰਕਰਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਘਰ-ਘਰ ਜਾ ਕੇ ਲੋਕਾਂ ਨੂੰ ਟੀਕਾਕਰਣ ਦੀ ਜਰੂਰਤ ਬਾਰੇ ਜਾਣੂ ਕੀਤਾ ਅਤੇ ਮਾਵਾਂ ਨੂੰ ਟੀਕਾਕਰਣ ਲਈ ਕੇਂਦਰ ਤੱਕ ਲਿਆਉਣ ਵਿੱਚ ਮਦਦ ਕੀਤੀ।

ਇਸ ਮੌਕੇ 'ਤੇ ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਾਈ ਨੇ ਕਿਹਾ ਕਿ ਟੀਕਾਕਰਣ ਇੱਕ ਲੰਮੀ ਉਮਰ ਅਤੇ ਸਿਹਤਮੰਦ ਭਵਿੱਖ ਦੀ ਨੀਂਹ ਹੈ। ਆਯੁਸ਼ਮਾਨ ਆਰੋਗਿਆ ਕੇਂਦਰ ਚੈੜੀਆਂ ਦੀ ਟੀਮ ਵੱਲੋਂ ਕੀਤਾ ਗਿਆ ਇਹ ਉਪਰਾਲਾ ਸਰਾਹਣਯੋਗ ਹੈ। ਅਸੀਂ ਭਵਿੱਖ ਵਿੱਚ ਹੋਰ ਵੀ ਐਸੇ ਸ਼ਿਵਿਰ ਲਗਾਉਣ ਲਈ ਵਚਨਬੱਧ ਹਾਂ।

ਸਮੂਹਿਕ ਸਿਹਤ ਪ੍ਰਦਾਨ ਕਰਨ ਅਤੇ ਭਵਿੱਖ ਦੀ ਪੀੜ੍ਹੀ ਨੂੰ ਸੁਰੱਖਿਅਤ ਰੱਖਣ ਵੱਲ ਇਹ ਇੱਕ ਹੋਰ ਢਿੱਡਾ ਕਦਮ ਸੀ, ਜਿਸ ਵਿੱਚ ਸਥਾਨਕ ਜਨਤਾ ਦੀ ਵੀ ਪੂਰੀ ਸਹਿਯੋਗਤਾ ਮਿਲੀ।

# ਬਿਕਰਮ ਮਜੀਠੀਆ 'ਤੇ ਵਿਜੀਲੈਂਸ ਦੀ ਕਾਰਵਾਈ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਦਾ ਵੱਡਾ ਬਿਆਨ

## ਦਸੰਬਰ ਦਾ ਹੁਕਮਨਾਮਾ, ਜਿਸ ਵਿੱਚ ਸੁਖਬੀਰ ਸਿੰਘ ਬਾਦਲ ਨੇ ਖੁਦ ਅਪਣੇ ਗੁਨਾਹ ਕਬੂਲ ਕੀਤੇ ਸਨ ਜਿਸ ਸਦਕਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਿਥੇ ਧਾਰਮਿਕ ਤਨਖ਼ਾਹ ਲਾਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿ.ਹਰਪ੍ਰੀਤ ਸਿੰਘ ਦੇ ਵੱਲੋਂ ਮਜੀਠੀਆ ਦੀ ਗ੍ਰਿਫ਼ਤਾਰੀ ਨੂੰ ਸ਼ਰਮਨਾਕ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜੋ ਮਜੀਠੀਆ ਦੀ ਗ੍ਰਿਫ਼ਾਤਰੀ ਬਿਨਾ ਕਿਸੇ ਠੋਸ ਸਬੂਤ ਤੋਂ ਕੀਤੀ ਹੈ ਉਹ ਨੈਤਿਕ ਤੌਰ ਤੇ ਸ਼ਰਮਸ਼ਾਰ ਕਰਨ ਵਾਲੀ ਗਤੀਵਿਧੀ ਹੈ। ਆਪਣੀ ਫੇਸਬੁੱਕ ਪੋਸਟ ਵਿੱਚ ਗਿ.ਹਰਪ੍ਰੀਤ ਸਿੰਘ ਲਿਖਦੇ ਹਨ ਕਿ- ਮੈਂ ਬਦਲੇ ਦੀ ਭਾਵਨਾਂ ਨਾਲ ਕੀਤੀ ਕਿਸੇ ਵੀ ਕਾਰਵਾਈ ਨਾਲ ਸਹਿਮਤ ਨਹੀ।

### ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ-

ਅਸੀਂ ਤਾਂ ਬਿਲਕੁਲ ਵੀ ਨਹੀ, ਕਿਉਂਕਿ ਅਜੇ ਕੁਝ ਮਹੀਨੇ ਪਹਿਲਾਂ ਦੇ ਦਸੰਬਰ ਦਾ ਹੁਕਮਨਾਮਾ, ਜਿਸ ਵਿੱਚ ਸੁਖਬੀਰ ਸਿੰਘ ਬਾਦਲ ਨੇ ਖੁਦ ਅਪਣੇ ਗੁਨਾਹ ਕਬੂਲ ਕੀਤੇ ਸਨ ਜਿਸ ਸਦਕਾ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਿਥੇ ਧਾਰਮਿਕ ਤਨਖ਼ਾਹ ਲਾਈ ਉੱਥੇ ਅਕਾਲੀ ਸਿਆਸਤ ਨੂੰ ਮਜਬੂਤ ਰੱਖਣ ਲਈ ਕੁਝ ਆਦੇਸ਼ ਦਿੱਤੇ। ਜਿੰਨਾਂ ਨੂੰ ਨਾ ਸਿਰਫ ਇੰਨ੍ਹਾਂ ਭਗੌੜੇ ਅਕਾਲੀਆਂ ਨੇ ਘੱਟੇ ਮਿੱਟੀ ਰੋਲਿਆ ਬਲਕਿ ਬਦਲੇ ਦੀ ਭਾਵਨਾ ਤਹਿਤ ਜਥੇਦਾਰਾਂ ਦੀ ਕਿਰਦਾਰਕੁਸ਼ੀ ਕਰਦਿਆਂ ਉੱਨਾਂ ਨੂੰ ਅਹੁਦਿਆਂ ਤੋਂ ਬਰਖਾਸਤ ਕਰ ਦਿੱਤਾ। ਇਹ ਸਰਾਸਰ ਬਦਲੇ ਦੀ ਭਾਵਨਾ ਤਹਿਤ ਸੀ। ਪੰਜਾਬੀ ਦਾ ਅਖਾਣ ਹੈ ਅਸੀਂ ਮਾਰੀਏ ਤਾਂ ਪੋਲੇ ਜੇ ਤੁਸੀਂ ਮਾਰੋ ਤਾਂ ਠੋਲੇ। ਜਾ



ਬਾਣੀ ਦਾ ਫੁਰਮਾਨ ਹੈ- ਜੇਹਾ ਬੀਜੈ ਸੋ ਲੁਣੈ.........। ਗਿ.ਹਰਪ੍ਰੀਤ ਸਿੰਘ ਜਿੱਥੇ ਮਜੀਠੀਆ ਦੇ ਹੱਕ ਵਿੱਚ ਆਏ ਹਨ, ਉੱਥੇ ਹੀ ਅਕਾਲੀ ਦਲ ਦੇ ਲੀਡਰਾਂ ਤੇ ਵੀ ਵਰਦੇ ਨਜ਼ਰ ਆਏ ਹਨ।

# ਮਾਨਸਾ ਜੇਲ੍ਹ 'ਚ ਬੰਦ ਬਲਾਤਕਾਰੀ ਬਜਿੰਦਰ ਕੋਲੋਂ ਮਿਲਿਆ ਫੋਨ ਤੇ ਨਕਦੀ

## ਬਲਾਤਕਾਰੀ ਬਜਿੰਦਰ ਤੋਂ ਇੱਕ ਟੱਚ ਮੋਬਾਈਲ ਫੋਨ ਅਤੇ 2500 ਰੁਪਏ ਦੀ ਨਕਦੀ ਬਰਾਮਦ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

ਮਾਨਸਾ: ਏਆਈਜੀ ਜੇਲ੍ਹ ਪੰਜਾਬ ਰਾਜੀਵ ਕੁਮਾਰ ਅਰੋੜਾ ਦੀ ਅਗਵਾਈ ਹੇਠ ਮਾਨਸਾ ਜ਼ਿਲ੍ਹਾ ਜੇਲ੍ਹ ਵਿੱਚ ਕੀਤੀ ਗਈ ਚੈਕਿੰਗ ਦੌਰਾਨ ਇੱਕ ਵੱਡਾ ਖੁਲਾਸਾ ਹੋਇਆ ਹੈ। ਜ਼ੀਰਕਪੁਰ ਵਿੱਚ ਬਲਾਤਕਾਰ ਦੇ ਇੱਕ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਪਾਸਟਰ ਬਜਿੰਦਰ ਤੋਂ ਇੱਕ ਮੋਬਾਈਲ ਫੋਨ ਅਤੇ ਨਕਦੀ ਬਰਾਮਦ ਕੀਤੀ ਗਈ ਹੈ।

ਡੀਐਸਪੀ ਬੂਟਾ ਸਿੰਘ ਅਨੁਸਾਰ ਜੇਲ੍ਹ ਵਿੱਚ ਚਲਾਈ ਗਈ ਤਲਾਸ਼ੀ ਮੁਹਿੰਮ ਦੌਰਾਨ ਬਲਾਤਕਾਰੀ ਬਜਿੰਦਰ ਤੋਂ ਇੱਕ ਟੱਚ ਮੋਬਾਈਲ ਫੋਨ ਅਤੇ 2500 ਰੁਪਏ ਦੀ ਨਕਦੀ ਬਰਾਮਦ ਕੀਤੀ ਗਈ। ਜ਼ਿਲ੍ਹਾ ਜੇਲ੍ਹ ਦੇ ਸਹਾਇਕ ਸੁਪਰਡੈਂਟ ਅਨੂ ਮਲਿਕ ਨੇ ਇਸ ਬਾਰੇ ਸਦਰ ਪੁਲਿਸ ਸਟੇਸ਼ਨ ਨੂੰ ਸੂਚਿਤ ਕੀਤਾ।

ਪੁਲਿਸ ਨੇ ਬਲਾਤਕਾਰੀ ਬਜਿੰਦਰ ਵਿਰੁੱਧ ਨਵਾਂ ਮਾਮਲਾ ਦਰਜ ਕਰ ਲਿਆ ਹੈ। ਹੁਣ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਜੇਲ੍ਹ ਵਿੱਚ ਬੰਦ ਪਾਦਰੀ ਤੱਕ ਮੋਬਾਈਲ ਫੋਨ ਕਿਵੇਂ ਪਹੁੰਚਿਆ। ਪਾਸਟਰ ਬਜਿੰਦਰ ਪਹਿਲਾਂ ਹੀ



ਜ਼ੀਰਕਪੁਰ ਵਿੱਚ ਇੱਕ ਔਰਤ ਨਾਲ ਬਲਾਤਕਾਰ ਦੇ ਮਾਮਲੇ ਵਿੱਚ ਮਾਨਸਾ ਜ਼ਿਲ੍ਹਾ ਜੇਲ੍ਹ ਵਿੱਚ ਬੰਦ ਹੈ।

# ਓਡੀਸ਼ਾ : ਗਊ ਤਸਕਰੀ ਦੇ ਝੂਠੇ ਦੋਸ਼ਾਂ ਵਿੱਚ ਦਲਿਤ ਪੁਰਸ਼ਾਂ ‘ਤੇ ਤਸ਼ੱਦਦ; 9 ਮੁਲਜ਼ਮ ਗ੍ਰਿਫ਼ਤਾਰ

## ਦਲਿਤ ਮਹਾਂਸਭਾ ਨੇ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਓਡੀਸ਼ਾ ਵਿੱਚ ਭਾਜਪਾ ਸਰਕਾਰ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ, ਪਰ ਸੂਬਾ ਕਾਂਗਰਸ ਨੇ ਇਸ ਘਿਨਾਉਣੀ ਘਟਨਾ ਦੀ ਜਾਂਚ ਲਈ ਪੰਜ ਮੈਂਬਰੀ ਤੱਥ-ਖੋਜ ਟੀਮ ਬਣਾਈ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ: ਓਡੀਸ਼ਾ ਦੇ ਗੰਜਮ ਜ਼ਿਲ੍ਹੇ ਵਿੱਚ ਗਊ ਤਸਕਰੀ ਦੇ ਝੂਠੇ ਦੋਸ਼ਾਂ ਵਿੱਚ ਦੋ ਦਲਿਤ ਵਿਅਕਤੀਆਂ ਨੂੰ ਬੇਰਹਿਮੀ ਨਾਲ ਤਸੀਹੇ ਦਿੱਤੇ ਗਏ। ਪੀੜਤਾਂ ਨੂੰ ਕੁੱਟਿਆ ਗਿਆ, ਅੱਧਾ ਸਿਰ ਮੁੰਨ ਦਿੱਤਾ ਗਿਆ, ਕਥਿਤ ਤੌਰ ‘ਤੇ ਘਾਹ ਖਾਣ ਅਤੇ ਨਾਲੀ ਦਾ ਪਾਣੀ ਪੀਣ ਲਈ ਮਜਬੂਰ ਕੀਤਾ ਗਿਆ, ਦ ਨਿਊ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਅਨੁਸਾਰ।



ਧਾਰਕੋਟ ਪੁਲਿਸ ਦੇ ਅਨੁਸਾਰ, ਇਸ ਅੱਤਿਆਚਾਰ ਦੇ ਸਬੰਧ ਵਿੱਚ ਐਤਵਾਰ (22 ਜੂਨ) ਨੂੰ ਦਿਨ-ਦਿਹਾੜੇ ਇਹ ਘਟਨਾ ਵਾਪਰੀ। ਧਾਰਾਕੋਟ ਪੁਲਿਸ ਦੇ ਅਨੁਸਾਰ, ਇਸ ਅੱਤਿਆਚਾਰ ਦੇ ਸਬੰਧ ਵਿੱਚ ਅੱਠ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦੋਂ ਕਿ ਇੱਕ ਨਾਬਾਲਗ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਰਿਪੋਰਟ ਦੇ ਅਨੁਸਾਰ, ਪੀੜਤ, ਸਿੰਗੀਪੁਰ ਦੇ ਬੁੱਲੂ ਨਾਇਕ (52) ਅਤੇ ਬਾਬੁਲ ਨਾਇਕ (43) ਨੇ ਪਰਿਵਾਰਕ ਵਿਆਹ ਸਮਾਰੋਹ ਲਈ ਦਾਜ ਲਈ ਹਰੀਪੁਰ ਤੋਂ ਇੱਕ ਗਾਂ ਅਤੇ ਦੋ ਵੱਛੇ ਖਰੀਦੇ ਸਨ ਅਤੇ ਇੱਕ ਟੈਂਪੋ ਰਿਕਸ਼ਾ ‘ਤੇ ਪਸ਼ੂਆਂ ਨੂੰ ਆਪਣੇ ਪਿੰਡ ਲੈ ਜਾ ਰਹੇ ਸਨ ਜਦੋਂ ਸਥਾਨਕ ਲੋਕਾਂ ਦੇ ਇੱਕ ਸਮੂਹ ਨੇ ਉਨ੍ਹਾਂ ਨੂੰ ਖਾਰੀਗੁਮਾ ਵਿਖੇ ਰੋਕਿਆ।

ਸਮੂਹ ਨੇ ਉਨ੍ਹਾਂ ‘ਤੇ ਗੈਰ-ਕਾਨੂੰਨੀ ਤੌਰ ‘ਤੇ ਗਊਆਂ ਲਿਜਾਣ ਦਾ ਦੋਸ਼ ਲਗਾਇਆ, ਉਨ੍ਹਾਂ ਦੇ ਮੋਬਾਈਲ ਫੋਨ ਅਤੇ ਨਕਦੀ ਖੋਹ ਲਈ। ਉਨ੍ਹਾਂ ਨੇ ਕਥਿਤ ਤੌਰ ‘ਤੇ ਜਾਨਵਰਾਂ ਨੂੰ ਛੱਡਣ ਲਈ 30,000 ਰੁਪਏ ਦੀ ਮੰਗ ਕੀਤੀ।

ਜਦੋਂ ਦੋਵਾਂ ਨੇ ਇਨਕਾਰ ਕਰ ਦਿੱਤਾ, ਤਾਂ ਬਦਮਾਸ਼ਾਂ ਨੇ ਉਨ੍ਹਾਂ ਦੇ ਅੰਗ ਬੰਨ੍ਹ ਦਿੱਤੇ ਅਤੇ ਉਨ੍ਹਾਂ ‘ਤੇ ਬੇਰਹਿਮੀ ਨਾਲ ਹਮਲਾ ਕੀਤਾ। ਉਹ ਉਨ੍ਹਾਂ ਨੂੰ ਇੱਕ ਸਥਾਨਕ ਸੈਲੂਨ ਵਿੱਚ ਲੈ ਗਏ ਜਿੱਥੇ ਉਨ੍ਹਾਂ ਦੇ ਸਿਰ ਅੱਧੇ ਮੁੰਨ ਦਿੱਤੇ ਗਏ ਸਨ, ਫਿਰ ਉਨ੍ਹਾਂ ਨੂੰ ਲਗਭਗ ਦੋ ਕਿਲੋਮੀਟਰ ਤੱਕ ਰੀਂਗਣ ਲਈ ਮਜਬੂਰ ਕੀਤਾ ਗਿਆ ਜਹਾਦਾ ਪਿੰਡ ਜਿੱਥੇ ਉਨ੍ਹਾਂ ਨੂੰ ਕਥਿਤ ਤੌਰ ‘ਤੇ ਘਾਹ ਖਾਣ ਅਤੇ ਨਾਲੀ ਦਾ ਪਾਣੀ ਪੀਣ ਲਈ ਮਜਬੂਰ ਕੀਤਾ ਗਿਆ।

ਘਟਨਾ ਨੂੰ ਦੇਖਣ ਵਾਲੇ ਇੱਕ ਪਿੰਡ ਵਾਸੀ ਨੇ ਇੱਕ ਸਥਾਨਕ ਨੇਤਾ ਨੂੰ ਸੂਚਿਤ ਕੀਤਾ ਜੋ ਉਨ੍ਹਾਂ ਨੂੰ ਛੱਡਣ ਲਈ ਮੌਕੇ ‘ਤੇ ਪਹੁੰਚਿਆ ਪਰ ਬਦਲੇ ਵਿੱਚ 30,000 ਰੁਪਏ ਦੀ ਮੰਗ ਕੀਤੀ।

ਦੋਵੇਂ ਪੀੜਤ ਕਿਸੇ ਤਰ੍ਹਾਂ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਏ ਅਤੇ ਆਪਣੇ ਪਿੰਡ ਪਹੁੰਚ ਗਏ।

ਉਨ੍ਹਾਂ ਦਾ ਸਥਾਨਕ ਹਸਪਤਾਲ ਵਿੱਚ ਮੁੱਢਲਾ ਇਲਾਜ ਹੋਇਆ, ਅਤੇ ਧਾਰਕੋਟ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ। ਹਾਲਾਂਕਿ, ਪੁਲਿਸ ਉਸ ਦਿਨ ਵੀਵੀਆਈਪੀ ਡਿਊਟੀ ਵਿੱਚ ਰੁੱਝੀ ਹੋਈ ਸੀ, ਇਸ ਲਈ ਦੇਰ ਰਾਤ ਐਫਆਈਆਰ ਦਰਜ ਕੀਤੀ ਗਈ।

ਇਸ ਦੌਰਾਨ, ਘਟਨਾ ਨੂੰ ਲੈ ਕੇ ਰੋਸ ਵਧ ਰਿਹਾ ਸੀ। ਅਗਲੇ ਦਿਨ, ਗੰਜਮ ਵਿੱਚ ਦਲਿਤ ਮਹਾਂਸਭਾ ਦੇ ਆਗੂ ਇੱਕ ਵਿਰੋਧ ਮੀਟਿੰਗ ਕਰਨ ਲਈ ਸਿੰਗੀਪੁਰ ਪਹੁੰਚੇ ਅਤੇ ਰਾਜ ਵਿੱਚ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਦਲਿਤਾਂ ਵਿਰੁੱਧ ਅੱਤਿਆਚਾਰਾਂ ਵਿੱਚ ਵਾਧੇ ‘ਤੇ ਚਿੰਤਾ ਪ੍ਰਗਟ ਕੀਤੀ।

ਮੰਗਲਵਾਰ ਨੂੰ, ਜ਼ਿਲ੍ਹੇ ਵਿੱਚ ਦਲਿਤ ਮਹਾਸਭਾ ਨੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕਰਦੇ ਹੋਏ ਮਾਲੀਆ ਡਿਵੀਜ਼ਨਲ ਕਮਿਸ਼ਨਰ ਦੇ ਦਫ਼ਤਰ ਨੇੜੇ ਇੱਕ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ।

ਦੋਸ਼ੀਆਂ ਨੂੰ ਭਾਰਤੀ ਨਿਆਏ ਸੰਹਿਤਾ, 2023, ਅਤੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਅੱਤਿਆਚਾਰ ਰੋਕਥਾਮ) ਐਕਟ, 1989 ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਦੱਖਣੀ ਰੇਂਜ ਦੇ ਡੀਆਈਜੀ ਨੀਤੀ ਸ਼ੇਖਰ ਨੇ ਨਿਊਜ਼ ਏਜੰਸੀ ਪੀਟੀਆਈ ਨੂੰ ਦੱਸਿਆ ਕਿ ਦੋਸ਼ੀਆਂ ਨੂੰ ਜਲਦੀ ਹੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਓਡੀਸ਼ਾ ਕਾਂਗਰਸ ਨੇ ਤੱਥ-ਖੋਜ ਟੀਮ ਬਣਾਈ

ਓਡੀਸ਼ਾ ਕਾਂਗਰਸ ਨੇ ਇਸ ਘਿਨਾਉਣੀ ਘਟਨਾ ਦੀ ਜਾਂਚ ਲਈ ਰਾਜ ਵਿਧਾਨ ਸਭਾ ਵਿੱਚ ਕਾਂਗਰਸ ਵਿਧਾਇਕ ਦਲ ਦੇ ਨੇਤਾ ਰਾਮ ਚੰਦਰ ਕਦਮ ਦੀ ਅਗਵਾਈ ਵਿੱਚ ਪੰਜ ਮੈਂਬਰੀ ਤੱਥ-ਖੋਜ ਟੀਮ ਬਣਾਈ ਹੈ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਇਸ ਘਟਨਾ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਭਾਜਪਾ ਸ਼ਾਸਿਤ ਰਾਜਾਂ ਵਿੱਚ ਅਜਿਹੀਆਂ ਘਟਨਾਵਾਂ ਆਮ ਹੁੰਦੀਆਂ ਜਾ ਰਹੀਆਂ ਹਨ।

“ਇਹ ਘਟਨਾ ਉਨ੍ਹਾਂ ਲੋਕਾਂ ਲਈ ਇੱਕ ਸ਼ੀਸ਼ਾ ਹੈ ਜੋ ਦਾਅਵਾ ਕਰਦੇ ਹਨ ਕਿ ਜਾਤ ਹੁਣ ਕੋਈ ਮੁੱਦਾ ਨਹੀਂ ਹੈ। ਦਲਿਤਾਂ ਦੀ ਇੱਜ਼ਤ ਨੂੰ ਕੁਚਲਣ ਵਾਲੀ ਹਰ ਘਟਨਾ ਬਾਬਾ ਸਾਹਿਬ ਦੇ ਸੰਵਿਧਾਨ ‘ਤੇ ਹਮਲਾ ਹੈ - ਸਮਾਨਤਾ, ਨਿਆਂ ਅਤੇ ਮਨੁੱਖਤਾ ਵਿਰੁੱਧ ਇੱਕ ਸਾਜ਼ਿਸ਼,” ਉਸਨੇ X ‘ਤੇ ਇੱਕ ਪੋਸਟ ਵਿੱਚ ਕਿਹਾ।

“ਭਾਜਪਾ ਸ਼ਾਸਿਤ ਰਾਜਾਂ ਵਿੱਚ ਅਜਿਹੀਆਂ ਘਟਨਾਵਾਂ ਆਮ ਹੁੰਦੀਆਂ ਜਾ ਰਹੀਆਂ ਹਨ ਕਿਉਂਕਿ ਉਨ੍ਹਾਂ ਦੀ ਰਾਜਨੀਤੀ ਨਫ਼ਰਤ ਅਤੇ ਦਰਜਾਬੰਦੀ ‘ਤੇ ਬਣੀ ਹੈ। ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਔਰਤਾਂ ਵਿਰੁੱਧ ਅੱਤਿਆਚਾਰ ਚਿੰਤਾਜਨਕ ਤੌਰ ‘ਤੇ ਵਧੇ ਹਨ, ਖਾਸ ਕਰਕੇ ਓਡੀਸ਼ਾ ਵਿੱਚ,” ਉਸਨੇ ਦੋਸ਼ੀਆਂ ਲਈ ਸਖ਼ਤ ਸਜ਼ਾ ਦੀ ਮੰਗ ਕਰਦਿਆਂ ਕਿਹਾ।

“ਦੇਸ਼ ਸੰਵਿਧਾਨ ਦੁਆਰਾ ਚੱਲੇਗਾ, ਮਨੁਸਮ੍ਰਿਤੀ ਦੁਆਰਾ ਨਹੀਂ,” ਉਸਨੇ ਕਿਹਾ।

ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ ਨੇ ਵੀ ਇਸ ਬੇਰਹਿਮ ਹਮਲੇ ‘ਤੇ ਚਿੰਤਾ ਪ੍ਰਗਟ ਕੀਤੀ ਅਤੇ ਇਸ ਘਟਨਾ ਨੂੰ “ਬਾਬਾ ਸਾਹਿਬ ਦੇ ਸੰਵਿਧਾਨ ਅਤੇ ਸਮਾਨਤਾ, ਨਿਆਂ ਅਤੇ ਮਨੁੱਖਤਾ ਦੇ ਉੱਚ ਮੁੱਲਾਂ ਦਾ ਅਪਮਾਨ” ਦੱਸਿਆ।

# ਯਾਦਵ ਜਾਤੀ ਦਾ ਹੋ ਕੇ ਕਥਾਕਾਰ ਹੋਣ ਦਾ ਕਾਰਨ ਹੀ ਉਸ ਤੋਂ ਨੱਕ ਰਗੜਵਾਇਆ, ਉਸ ਤੇ ਪਿਸ਼ਾਬ ਛਿੜਕਿਆ ਅਤੇ ਸਿਰ ਮੁੰਨ ਕੇ ਅਪਮਾਨਿਤ ਕਰਨ ਤੋਂ ਬਾਅਦ ਭਜਾ ਦਿੱਤਾ?

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com




ਇਟਾਵਾ ਵਿੱਚ ਕਥਾਵਾਚਕ ਨਾਲ ਬਦਸਲੂਕੀ:

ਇਟਾਵਾ ਵਿੱਚ ਯਾਦਵ ਕਥਾਵਾਚਕ ਨਾਲ ਬਦਸਲੂਕੀ ਦੇ ਮਾਮਲੇ ਵਿੱਚ ਪੁਲਿਸ ਦਾ ਬਿਆਨ ਸਾਹਮਣੇ ਆਇਆ ਹੈ। ਪੁਲਿਸ ਨੇ ਘਟਨਾ ਬਾਰੇ ਵੇਰਵੇ ਦਿੱਤੇ ਹਨ। ਇਸ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਸਾਰਿਆਂ ਨੂੰ ਉਨ੍ਹਾਂ ਦੇ ਨਾਮ ਅਤੇ ਪਤੇ ਦੇ ਨਾਲ ਗ੍ਰਿਫਤਾਰ ਕੀਤਾ ਗਿਆ ਹੈ।

ਬਕੇਵਾਰ ਇਲਾਕੇ ਦੇ ਦੰਡਰਪੁਰ ਪਿੰਡ ਵਿੱਚ, ਯਾਦਵ ਮਹਾਸਭਾ ਨੇ ਸਮਾਜਵਾਦੀ ਪਾਰਟੀ ਨਾਲ ਮਿਲ ਕੇ ਸੋਮਵਾਰ ਨੂੰ ਕਥਾਕਾਰ, ਉਸਦੇ ਸਹਾਇਕ ਅਤੇ ਇੱਕ ਹੋਰ ਸਾਥੀ ਨੂੰ ਬੰਧਕ ਬਣਾ ਕੇ ਕੁੱਟਣ, ਉਨ੍ਹਾਂ ਦੇ ਵਾਲ ਕੱਟਣ ਅਤੇ ਉਨ੍ਹਾਂ ਦੇ ਪੈਰਾਂ ਨਾਲ ਨੱਕ ਰਗੜਨ ਵਰਗੇ ਅਣਮਨੁੱਖੀ ਕੰਮਾਂ ਵਿਰੁੱਧ ਆਪਣਾ ਵਿਰੋਧ ਦਰਜ ਕਰਵਾਇਆ, ਕਿਉਂਕਿ ਉਹ ਦੂਜੀ ਜਾਤੀ ਤੋਂ ਸਨ। ਉਨ੍ਹਾਂ ਨੇ ਇਸ ਘਟਨਾ ਨੂੰ ਸ਼ਰਮਨਾਕ ਅਤੇ ਗੈਰ-ਸੰਵਿਧਾਨਕ ਦੱਸਿਆ।

ਇੰਨਾ ਹੀ ਨਹੀਂ, ਯਾਦਵ ਮਹਾਸਭਾ ਪੀੜਤਾਂ ਦੇ ਨਾਲ ਐਸਐਸਪੀ ਦਫ਼ਤਰ ਪਹੁੰਚੀ, ਜਿਸ ਵਿੱਚ ਘਟਨਾ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਗਈ।

### ਸਪਾ ਵਰਕਰ ਐਸਐਸਪੀ ਨੂੰ ਮਿਲਣ ਪਹੁੰਚੇ

ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਜਤਿੰਦਰ ਦੋਹਰੇ, ਭਰਥਾਨਾ ਦੇ ਵਿਧਾਇਕ ਰਾਘਵੇਂਦਰ ਗੌਤਮ, ਜ਼ਿਲ੍ਹਾ ਪ੍ਰਧਾਨ ਪ੍ਰਦੀਪ ਸ਼ਾਕਿਆ ਬਬਲੂ, ਸੂਬਾ ਸਕੱਤਰ ਗੋਪਾਲ ਯਾਦਵ ਸਮੇਤ ਵੱਡੀ ਗਿਣਤੀ ਵਿੱਚ ਸਪਾ ਵਰਕਰ ਅਦਾਲਤ ਵਿੱਚ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਦਫ਼ਤਰ ਪਹੁੰਚੇ ਅਤੇ ਭਾਗਵਤਚਾਰਿਆ ਮੁਕੁਟ ਮਨੀ ਸਿੰਘ ਯਾਦਵ ਅਤੇ ਉਨ੍ਹਾਂ ਦੇ ਸਹਾਇਕ ਸੰਤ ਸਿੰਘ ਯਾਦਵ ਨਾਲ ਐਤਵਾਰ ਰਾਤ ਨੂੰ ਪਿੰਡ ਵਾਸੀਆਂ ਦੁਆਰਾ ਕੀਤੇ ਗਏ ਸਲੂਕ ਬਾਰੇ ਦੱਸਿਆ ਕਿਉਂਕਿ ਉਹ ਇੱਕ ਬ੍ਰਾਹਮਣ ਪਰਿਵਾਰ ਨੂੰ ਭਾਗਵਤ ਕਥਾ ਸੁਣਾਉਣ ਲਈ ਦੰਡਰਪੁਰ ਆਏ ਸਨ।

### ਸਪਾ ਸੰਸਦ ਮੈਂਬਰ ਜਤਿੰਦਰ ਦੋਹਰੇ ਨੇ ਇਹ ਕਿਹਾ

ਸਪਾ ਸੰਸਦ ਮੈਂਬਰ ਜਤਿੰਦਰ ਦੋਹਰੇ ਨੇ ਕਿਹਾ ਕਿ ਜਿਸ ਤਰ੍ਹਾਂ ਕਥਾਵਾਚਕ ਪੱਛੜੇ ਵਰਗ ਨਾਲ ਸਬੰਧਤ ਸੀ, ਉਸ ਨੂੰ ਬੰਧਕ ਬਣਾ ਕੇ ਕੁੱਟਿਆ ਗਿਆ, ਉਸ ਦੇ ਵਾਲ ਕੱਟੇ ਗਏ, ਮਰਦਾਂ ਅਤੇ ਔਰਤਾਂ ਦੇ ਪੈਰਾਂ ਅੱਗੇ ਨੱਕ ਰਗੜਿਆ ਗਿਆ, ਉਨ੍ਹਾਂ ‘ਤੇ ਔਰਤ ਦਾ ਪਿਸ਼ਾਬ ਵੀ ਛਿੜਕਿਆ ਗਿਆ ਅਤੇ ਉਨ੍ਹਾਂ ਨੂੰ ਪਵਿੱਤਰ ਹੋਣ ਲਈ ਕਿਹਾ ਗਿਆ। ਇਹ ਕਾਰਵਾਈ ਦੇਸ਼ ਦੇ ਸੰਵਿਧਾਨ ਦੇ ਵੀ ਵਿਰੁੱਧ ਹੈ, ਅਜਿਹੇ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਨਹੀਂ ਕਰਦੀ ਹੈ, ਤਾਂ ਸਮਾਜਵਾਦੀ ਪਾਰਟੀ ਸੜਕ ਤੋਂ ਲੈ ਕੇ ਵਿਧਾਨ ਸਭਾ ਅਤੇ ਸੰਸਦ ਤੱਕ ਵਿਰੋਧ ਪ੍ਰਦਰਸ਼ਨ ਕਰੇਗੀ।

### ਭਰਥਾਨਾ ਦੇ ਵਿਧਾਇਕ ਰਾਘਵੇਂਦਰ ਗੌਤਮ ਨੇ ਨਿੰਦਾ ਕੀਤੀ

ਭਰਥਾਨਾ ਦੇ ਵਿਧਾਇਕ ਰਾਘਵੇਂਦਰ ਗੌਤਮ ਨੇ ਕਿਹਾ ਕਿ ਦੇਸ਼ ਨੂੰ ਆਜ਼ਾਦੀ ਮਿਲੇ 75 ਸਾਲ ਹੋ ਗਏ ਹਨ ਪਰ ਇਸ ਘਟਨਾ ਨੂੰ ਦੇਖ ਕੇ ਲੱਗਦਾ ਹੈ ਕਿ ਅੱਜ ਵੀ ਦੇਸ਼ ਵਿੱਚ ਦਲਿਤਾਂ ਅਤੇ ਪੱਛੜੇ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ, ਜਿਸਦੀ ਇੱਕ ਜਿਉਂਦੀ ਜਾਗਦੀ ਉਦਾਹਰਣ ਦੰਡਰਪੁਰਾ ਘਟਨਾ ਹੈ। ਉਨ੍ਹਾਂ ਕਿਹਾ ਕਿ ਦੰਡਰਪੁਰਾ ਵਿੱਚ ਪੱਛੜੇ ਵਰਗ ਸਮਾਜ ਦੇ ਇੱਕ ਕਥਾਵਾਚਕ ਨਾਲ ਉਸਦੀ ਜਾਤ ਪੁੱਛਣ ‘ਤੇ ਬੇਰਹਿਮੀ ਕੀਤੀ ਗਈ। ਇਸ ਦੌਰਾਨ ਪ੍ਰਦੀਪ ਸ਼ਾਕਿਆ, ਦੁੱਲੇ ਰਾਜਪੂਤ ਅਤੇ ਹੋਰ ਸਪਾ ਵਰਕਰ ਮੌਜੂਦ ਸਨ।

ਯੂਪੀ ਦੇ ਇਟਾਵਾ ਜ਼ਿਲ੍ਹੇ ਵਿੱਚ ਇੱਕ ਸ਼ਰਮਨਾਕ ਘਟਨਾ ਨੇ ਸੂਬੇ ਦਾ ਤਾਪਮਾਨ ਵਧਾ ਦਿੱਤਾ ਹੈ। ਇਹ ਘਟਨਾ ਜ਼ਿਲ੍ਹੇ ਦੇ ਬਕੇਵਾਰ ਥਾਣਾ ਖੇਤਰ ਦੇ ਦੰਡਰਪੁਰ ਪਿੰਡ ਦੀ ਹੈ। ਇੱਥੇ ਯਾਦਵ ਜਾਤੀ ਦੇ ਭਾਗਵਤਚਾਰਿਆ ਵਿਆਸ ਮੁਕੁਟ ਮਣੀ ਅਤੇ ਉਨ੍ਹਾਂ ਦੇ ਸਹਾਇਕ ਸੰਤ ਕੁਮਾਰ ਯਾਦਵ ‘ਤੇ ਹਮਲਾ, ਅਪਮਾਨ ਅਤੇ ਵਾਲ ਕੱਟਣ ਦੀ ਘਟਨਾ ਸਾਹਮਣੇ ਆਈ ਹੈ। ਇਸ ਅਣਮਨੁੱਖੀ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ ‘ਤੇ ਵਾਇਰਲ ਹੋਣ ਤੋਂ ਬਾਅਦ, ਸਪਾ ਦੇ ਰਾਸ਼ਟਰੀ ਪ੍ਰਧਾਨ ਅਖਿਲੇਸ਼ ਯਾਦਵ ਨੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਹੁਣ ਯੂਪੀ ਪੁਲਿਸ ਦਾ ਬਿਆਨ ਵੀ ਸਾਹਮਣੇ ਆਇਆ ਹੈ, ਜਿਸ ਵਿੱਚ ਘਟਨਾ ਨੂੰ ਵਿਸਥਾਰ ਨਾਲ ਦੱਸਿਆ ਗਿਆ ਹੈ। ਪੁਲਿਸ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ 23 ਜੂਨ ਨੂੰ ਸਵੇਰੇ 8:24 ਵਜੇ, ਹੈੱਡਕੁਆਰਟਰ ਦੀ ਸੋਸ਼ਲ ਮੀਡੀਆ ਟੀਮ ਨੂੰ ਟਵਿੱਟਰ ਤੋਂ ਇੱਕ ਟਵੀਟ ਮਿਲਿਆ, ਜਿਸ ਵਿੱਚ ਇੱਕ ਕਥਾਕਾਰ ਦੇ ਵਾਲ ਕੱਟਣ ਦੀ ਘਟਨਾ ਦਾ ਵੀਡੀਓ ਸ਼ਿਅਰ ਕੀਤੀ ਸੀ। ਉਸ ਟਵੀਟ ਦਾ ਨੋਟਿਸ ਲੈਂਦੇ ਹੋਏ, ਜ਼ਿਲ੍ਹਾ ਇਟਾਵਾ ਨੂੰ ਤੁਰੰਤ ਲੋੜੀਂਦੀ ਕਾਰਵਾਈ ਲਈ ਕਿਹਾ ਗਿਆ ਸੀ। ਇਸ ‘ਤੇ ਸਭ ਤੋਂ ਵੱਧ ਇਤਰਾਜ਼ ਪੁਲਿਸ ਦੇ ਅਨੁਸਾਰ, ਟਵੀਟ ਦੀ ਜਾਣਕਾਰੀ ਮਿਲਦੇ ਹੀ, ਵਧੀਕ ਪੁਲਿਸ ਸੁਪਰਡੈਂਟ (ਦਿਹਾਤੀ), ਏਰੀਆ ਅਫਸਰ ਭਰਥਾਨਾ ਤੁਰੰਤ ਪਿੰਡ ਦਾਦਰਪੁਰ, ਥਾਣਾ ਬਕੇਵਾਰ ਵਿਖੇ ਗਏ ਅਤੇ ਜਾਣਕਾਰੀ ਪ੍ਰਾਪਤ ਕੀਤੀ।

### ਇਹ ਧਾਰਾਵਾਂ ਲਗਾਈਆਂ ਗਈਆਂ ਸਨ

ਵਾਇਰਲ ਵੀਡੀਓ ਦੇ ਆਧਾਰ ‘ਤੇ, ਸਥਾਨਕ ਪੁਲਿਸ ਨੇ ਪੀੜਤ ਦੀ ਪਛਾਣ ਕੀਤੀ ਅਤੇ ਸੰਤ ਕੁਮਾਰ ਯਾਦਵ ਦੀ ਸ਼ਿਕਾਇਤ ਦੇ ਆਧਾਰ ‘ਤੇ, 23 ਜੂਨ ਦੀ ਸ਼ਾਮ ਨੂੰ ਬਕੇਵਾਰ ਪੁਲਿਸ ਸਟੇਸ਼ਨ ਵਿੱਚ ਐਫਆਈਆਰ ਨੰਬਰ 169/2025 ਅਧੀਨ ਧਾਰਾ 115(2)/ 309(2)/351 (2)/352 BNSS ਅਧੀਨ ਮਾਮਲਾ ਦਰਜ ਕੀਤਾ ਗਿਆ। ਪੀੜਤ ਦੀ ਸ਼ਿਕਾਇਤ ਵਿੱਚ ਘਟਨਾ ਦੀ ਮਿਤੀ 21 ਜੂਨ ਦੱਸੀ ਗਈ ਹੈ। ਪੁਲਿਸ ਦਾ ਕਹਿਣਾ ਹੈ ਕਿ ਵਾਇਰਲ ਵੀਡੀਓ ਦੇ ਆਧਾਰ ‘ਤੇ, ਚਾਰ ਦੋਸ਼ੀਆਂ ਦੀ ਪਛਾਣ ਕੀਤੀ ਗਈ ਅਤੇ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ। ਆਸ਼ੀਸ਼ ਤਿਵਾੜੀ ਪੁੱਤਰ ਰਾਜੀਵ ਕੁਮਾਰ ਤਿਵਾੜੀ, ਵਾਸੀ ਪਿੰਡ ਦਾਦਰਪੁਰ, ਥਾਣਾ ਬਕੇਵਾਰ, ਜ਼ਿਲ੍ਹਾ ਇਟਾਵਾ, ਉਮਰ 21 ਸਾਲ। ਉੱਤਮ ਅਵਸਥੀ ਪੁੱਤਰ ਪ੍ਰਦੀਪ ਅਵਸਥੀ, ਵਾਸੀ ਪਿੰਡ ਦਾਦਰਪੁਰ, ਥਾਣਾ ਬਕੇਵਾਰ, ਜ਼ਿਲ੍ਹਾ ਇਟਾਵਾ, ਉਮਰ 19 ਸਾਲ। ਪ੍ਰਥਮ ਦੂਬੇ ਉਰਫ਼ ਮਨੂ ਦੂਬੇ ਪੁੱਤਰ ਸਯਾਸ਼ ਕੁਮਾਰ ਦੂਬੇ, ਵਾਸੀ ਪਿੰਡ ਦਾਦਰਪੁਰ, ਥਾਣਾ ਬਕੇਵਾਰ, ਜ਼ਿਲ੍ਹਾ ਇਟਾਵਾ, ਉਮਰ 24 ਸਾਲ। ਨਿੱਕੀ ਅਵਸਥੀ ਪੁੱਤਰ ਬ੍ਰਿਜੇਸ਼ ਅਵਸਥੀ, ਪਿੰਡ ਦਾਦਰਪੁਰ, ਥਾਣਾ ਬਕੇਵਾਰ, ਜ਼ਿਲ੍ਹਾ ਇਟਾਵਾ, ਉਮਰ 30 ਸਾਲ। ਪੁਲਿਸ ਨੇ ਨਿੱਕੀ ਦੀ ਪਛਾਣ ਵਾਲ ਕੱਟਣ ਵਾਲੇ ਵਜੋਂ ਕੀਤੀ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ 24 ਜੂਨ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ।

# ਸੀ.ਪੀ.ਆਈ.(ਐਮ) ਜ਼ਿਲ੍ਹਾ ਕਮੇਟੀ ਦੀ ਅਹਿਮ ਮੀਟਿੰਗ ਅੱਜ

## ਕਾਮਰੇਡ ਸੇਖੋਂ ਅਤੇ ਕਾਮਰੇਡ ਚੰਨੋਂ ਵਿਸ਼ੇਸ਼ ਤੌਰ ‘ਤੇ ਪੁੱਜਣਗੇ

“Equality and justice”
Patiala 25 June
INTERNATIONAL PAPER, 94636 01616
hardipchumber57@gmail.com

ਮਾਨਸਾ - 25 ਜੂਨ - ( ਆਤਮਾ ਸਿੰਘ ਪਮਾਰ ) - ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਜ਼ਿਲ੍ਹਾ ਕਮੇਟੀ ਮਾਨਸਾ ਦੀ ਅਹਿਮ ਮੀਟਿੰਗ 26 ਜੂਨ ਨੂੰ ਸਵੇਰੇ 10 ਵਜੇ ਪਾਰਟੀ ਦਫ਼ਤਰ ਮਾਨਸਾ ਵਿਖੇ ਹੋ ਰਹੀ ਹੈ। ਮੀਟਿੰਗ ਵਿੱਚ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਅਤੇ ਸਕੱਤਰੇਤ ਮੈਂਬਰ ਕਾਮਰੇਡ ਭੂਪ ਚੰਦ ਚੰਨੋਂ ਵਿਸ਼ੇਸ਼ ਤੌਰ ‘ਤੇ ਸ਼ਾਮਲ ਹੋਣਗੇ।

ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸਵਰਨਜੀਤ ਸਿੰਘ ਦਲਿਓ ਐਡਵੋਕੇਟ ਨੇ ਇਸ ਸਬੰਧੀ ਦੱਸਿਆ ਕਿ ਮੀਟਿੰਗ ਵਿੱਚ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਦੀ ਸਫਲਤਾ ਸਬੰਧੀ , 1 ਅਗੱਸਤ ਨੂੰ ਮਹਾਨ ਕਮਿਊਨਿਸਟ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਜੀ ਦੀ ਚੰਡੀਗੜ੍ਹ ਵਿਖੇ ਬਰਸੀ ਸਬੰਧੀ , ਇਸਤਰੀ ਸਭਾ , ਕਿਸਾਨ ਸਭਾ ਸਮੇਤ ਵੱਖ ਵੱਖ ਜਨਤਕ ਜਥੇਬੰਦੀਆਂ ਦੀਆਂ ਜਥੇਬੰਦਕ ਕਾਨਫਰੰਸਾਂ ਸਬੰਧੀ , ਕਿਊਬਾ ਇੱਕਮੁੱਠਤਾ ਲਈ ਆਰਥਿਕ ਸਹਾਇਤਾ ਸਬੰਧੀ ਆਦਿ ਬਾਰੇ ਵਿਚਾਰਾਂ ਕਰਕੇ ਫੈਸਲਾ ਲਏ ਜਾਣਗੇ।

ਉਨ੍ਹਾਂ ਪਾਰਟੀ ਦੇ ਜ਼ਿਲ੍ਹਾ ਕਮੇਟੀ ਮੈਂਬਰਾਨ ਸਮੇਤ ਸਪੈਸ਼ਲ ਇਨਵਾਇਟੀ ਮੈਂਬਰਾਂ ਅਤੇ ਪਰਮਾਨੈਂਟ ਇਨਵਾਇਟੀ ਮੈਂਬਰਾਂ ਨੂੰ ਮੀਟਿੰਗ ਸਮੇਂ ਸਿਰ ਪਹੁੰਚਣ ਦੀ ਅਪੀਲ ਵੀ ਕੀਤੀ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

**ਗੋਲਮੇਜ਼ ਕਾਨਫਰੰਸ ਹੋਣ ਤੋਂ ਪਹਿਲਾਂ 9, 10, 11 ਅਗਸਤ 1930 ਨੂੰ ਤਿੰਨ ਦਿਨਾਂ ਲਈ ਨਾਗਪੁਰ ਵਿੱਚ ਰਾਸ਼ਟਰ ਪੱਧਰ ਦਾ ਅਛੂਤ ਸਮੇਲਨ ਵਿਚ ਕੀਤਾ ਗਿਆ । ਇਸ ਵਿੱਚ ਲੰਡਨ ਵਿੱਚ ਹੋਣ ਵਾਲੀ ਗੋਲਮੇਜ਼ ਕਾਨਫਰੰਸ ਲਈ ਅਛੂਤਾਂ ਦੇ ਪ੍ਰਤੀਨਿਧੀਆਂ ਦੀਆਂ ਨਾਮਜ਼ਦਗੀਆਂ ਕੀਤੀਆਂ ਜਾਣੀਆਂ ਸਨ ਜਿੱਥੇ ਭਵਿੱਖ ਦੇ ਭਾਰਤੀ ਸੰਵਿਧਾਨ ਦੀ ਰੂਪਰੇਖਾ 'ਤੇ ਚਰਚਾ ਕੀਤੀ ਜਾਣੀ ਸੀ। ਅਜ਼ਾਦੀ ਦੇ ਬਾਅਦ ਜੋ ਵੀ ਸਮਾਜਿਕ**



**ਰਾਜਨੀਤਿਕ ਵਰਤਰਾ ਹੋਣ ਵਾਲੀ ਸੀ ਬਾਬਾ ਸਾਹਿਬ ਨੇ 20 ਸਾਲ ਪਹਿਲਾਂ ਹੀ ਵਾਰਨਿੰਗ ਦੇ ਦਿੱਤੀ ਸੀ। ਪੂਰੀ ਜਾਣਕਾਰੀ ਅਤੇ ਕੜੀ ਜੋੜਨ ਲਈ ਹਰ ਰੋਜ ਦੇ ਲੇਖ ਨੂੰ ਪੜ੍ਹਨਾ ਜਰੂਰੀ ਹੈ**

## V. ਦੱਬੇ-ਕੁਚਲੇ ਵਰਗ ਅਤੇ ਸਵਰਾਜ

(ਕਲ੍ਹ ਦੇ ਲੇਖ ਦਾ ਬਾਕੀ ਭਾਗ)

ਜਿੰਨਾ ਚਿਰ ਬ੍ਰਿਟਿਸ਼ ਸਰਕਾਰ ਮੌਜੂਦਾ ਸਮੇਂ ਵਿੱਚ ਉਸੇ ਤਰ੍ਹਾਂ ਰਹਿੰਦੀ ਹੈ, ਰਾਜਨੀਤਿਕ ਸ਼ਕਤੀ ਦਾ ਇੱਕ ਹਿੱਸਾ ਵੀ ਤੁਹਾਡੇ ਹਿੱਸੇ ਨਹੀਂ ਆ ਸਕਦਾ। ਸਵਰਾਜ ਪ੍ਰਾਪਤ ਕਰਨ ਤੋਂ ਬਾਅਦ ਹੀ, ਕੁਝ ਸ਼ਕਤੀ ਤੁਹਾਡੇ ਹੱਥਾਂ ਵਿੱਚ ਆਉਣ ਦੀ ਸੰਭਾਵਨਾ ਹੈ ਅਤੇ ਸ਼ਕਤੀ ਤੋਂ ਬਿਨਾਂ ਤੁਸੀਂ ਆਪਣੇ ਭਰਾਵਾਂ ਅਤੇ ਭੈਣਾਂ ਦੇ ਮਸੀਹਾ ਨਹੀਂ ਬਣ ਸਕਦੇ। ਮੈਂ ਜਾਣਦਾ ਹਾਂ ਕਿ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਸਵਰਾਜ ਨੂੰ ਇੱਕ ਅਨੈਤਿਕ ਭੂਤ ਸਮਝਦੇ ਹਨ ਅਤੇ ਇਹ ਇੱਕ ਆਮ ਵਿਚਾਰ ਹੈ। ਜਿਵੇਂ ਹੀ ਉਹ ਸਵਰਾਜ ਬਾਰੇ ਸੋਚਦੇ ਹਨ, ਉਨ੍ਹਾਂ ਨੂੰ ਉਨ੍ਹਾਂ ਤਸੀਹਿਆਂ, ਅੱਤਿਆਚਾਰਾਂ ਅਤੇ ਬੇਇਨਸਾਫ਼ੀਆਂ ਦੀ ਯਾਦ ਆਉਂਦੀ ਹੈ ਜੋ ਉਨ੍ਹਾਂ ਦੇ ਆਪਣੇ ਦੇਸ਼ ਵਾਸੀਆਂ ਨੇ ਉਨ੍ਹਾਂ 'ਤੇ ਢਾਹੇ ਸਨ ਅਤੇ ਸਵਰਾਜ ਵਿੱਚ ਇਸ ਸਭ ਦੇ ਦੁਹਰਾਉਣ ਦਾ ਡਰ ਉਨ੍ਹਾਂ ਨੂੰ ਡਰਾਉਂਦਾ ਹੈ। ਪਰ ਸੱਜਣੋ, ਜੇਕਰ ਤੁਸੀਂ ਇੱਕ ਪਲ ਲਈ ਆਪਣੇ ਅਤੀਤ ਨੂੰ ਭੁੱਲ ਜਾਓ ਅਤੇ ਸਵਰਾਜ ਵਿੱਚ ਭਵਿੱਖ ਦੀ ਕਲਪਨਾ ਕਰੋ, ਤਾਂ ਤੁਸੀਂ ਦੇਖੋਗੇ ਕਿ ਸਵਰਾਜ ਕੋਈ ਭਰਮ ਨਹੀਂ ਹੈ। ਸਵਰਾਜ ਵਿੱਚ ਉਹ ਸਾਰੇ ਪ੍ਰਬੰਧ ਸ਼ਾਮਲ ਹਨ ਜੋ ਤੁਹਾਨੂੰ ਦੁਸ਼ਟਾਂ ਅਤੇ ਜ਼ੁਲਮ ਕਰਨ ਵਾਲਿਆਂ ਤੋਂ ਬਚਾਉਣਗੇ ਅਤੇ ਇੱਕ ਸਰਕਾਰੀ ਪ੍ਰਣਾਲੀ ਜਿਸ ਵਿੱਚ ਤੁਸੀਂ ਖੁਦ ਇੱਕ ਸਾਥੀ ਹੋਵੋਗੇ ਅਤੇ ਬਰਾਬਰੀ ਦਾ ਅਧਿਕਾਰ ਪ੍ਰਾਪਤ ਕਰਕੇ, ਤੁਸੀਂ ਦੇਸ਼ ਦੇ ਸ਼ਾਸਕਾਂ ਵਿੱਚ ਵੀ ਸਭ ਤੋਂ ਵੱਧ ਅਧਿਕਾਰਾਂ ਵਾਲੇ ਸਥਾਨ ਪ੍ਰਾਪਤ ਕਰੋਗੇ। ਆਪਣੇ ਮਨ ਵਿੱਚ ਅਤੀਤ ਦੀਆਂ ਦੁਖਦਾਈ ਯਾਦਾਂ ਨੂੰ ਭੁੱਲ ਜਾਓ। ਡਰ ਜਾਂ ਲਾਲਚ ਦੇ ਪ੍ਰਭਾਵ ਹੇਠ ਆਪਣੇ ਫੈਸਲਿਆਂ ਵਿੱਚ ਨਾ ਡੋਲੋ। ਇਸ ਬਾਰੇ ਗੰਭੀਰਤਾ ਨਾਲ ਸੋਚੋ ਕਿ ਤੁਹਾਡੇ ਨਿੰਜੀ ਹਿੱਤ ਕਿੱਥੇ ਸਭ ਤੋਂ ਵਧੀਆ ਹਨ ਅਤੇ ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਸਵਰਾਜ ਦੇ ਹੱਕ ਵਿੱਚ ਆਪਣਾ ਟੀਚਾ ਬਣਾਓਗੇ।

27. ਜੇਕਰ ਤੁਸੀਂ ਇਹ ਫੈਸਲਾ ਲੈਂਦੇ ਹੋ, ਤਾਂ ਤੁਸੀਂ ਭਾਰਤ ਦੀ ਭਵਿੱਖੀ ਸਰਕਾਰ ਲਈ ਸਾਈਮਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨਾਲ ਸਹਿਮਤ ਨਹੀਂ ਹੋ ਸਕਦੇ। ਮੈਂ ਸਾਈਮਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ 'ਤੇ ਵਿਸਥਾਰ ਨਾਲ ਚਰਚਾ ਨਹੀਂ ਕਰ ਸਕਦਾ ਕਿਉਂਕਿ ਸਾਡੇ ਕੋਲ ਇਸ ਲਈ ਸਮਾਂ ਨਹੀਂ ਹੈ। ਇਸ ਕਮਿਸ਼ਨ ਨੇ ਦੇਸ਼ ਦੀ ਸਰਕਾਰ ਦੀ ਜਵਾਬਦੇਹੀ ਨਿਰਧਾਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਤੁਹਾਡਾ ਧਿਆਨ ਇਸ ਵੱਲ ਦਿਵਾ ਕੇ ਸੰਤੁਸ਼ਟ ਹੋਵਾਂਗਾ। ਕਮਿਸ਼ਨ ਨੇ ਕੇਂਦਰ ਸਰਕਾਰ ਦੀ ਕਾਰਜਕਾਰਨੀ ਵਿੱਚ ਕੋਈ ਬੁਨਿਆਦੀ ਬਦਲਾਅ ਨਹੀਂ ਕੀਤੇ ਹਨ। ਕੇਂਦਰ ਦੀ ਕਾਰਜਕਾਰਨੀ ਪਹਿਲਾਂ ਵਾਂਗ ਹੀ ਗੈਰ-ਜ਼ਿੰਮੇਵਾਰ ਜਾਂ ਲਾਪਰਵਾਹ ਰਹੇਗੀ। ਰਾਜਾਂ ਵਿੱਚ ਕਾਰਜਕਾਰਨੀ ਨੂੰ ਵਿਧਾਨ ਸਭਾਵਾਂ ਪ੍ਰਤੀ ਜਵਾਬਦੇਹ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਇਸ ਵਿੱਚ, ਰਾਜਪਾਲ ਆਫ਼ਤ ਸ਼ਕਤੀ ਦੀ ਵਰਤੋਂ ਕਰਕੇ ਅਜਿਹੇ ਕਾਰਜਕਾਰੀ ਅਧਿਕਾਰੀਆਂ ਨੂੰ ਨਿਯੁਕਤ ਕਰ ਸਕਦਾ ਹੈ ਜੋ ਰਾਜ ਵਿਧਾਨ ਸਭਾਵਾਂ ਪ੍ਰਤੀ ਜਵਾਬਦੇਹ ਨਹੀਂ ਹੋਣਗੇ ਅਤੇ ਰਾਜਪਾਲ ਕਿਸੇ ਵੀ ਵਿਭਾਗ ਨੂੰ ਆਪਣੇ ਨਿਯੰਤਰਣ ਵਿੱਚ ਲਿਆਉਣ ਦੇ ਯੋਗ ਹੋਵੇਗਾ। ਸੱਜਣੋ, ਸਾਈਮਨ ਕਮਿਸ਼ਨ ਪ੍ਰਣਾਲੀ ਬਾਰੇ ਮੇਰੇ ਕੋਲ ਸਿਰਫ਼ ਇੱਕ ਗੱਲ ਕਹਿਣੀ ਹੈ। ਮੈਨੂੰ ਲੱਗਦਾ ਹੈ ਕਿ ਇਸ ਸਮੱਸਿਆ ਦਾ ਹੱਲ ਦੋ ਤਰੀਕਿਆਂ ਨਾਲ ਹੈ। ਇੱਕ ਇਹ ਕਿ ਭਾਰਤੀ ਵਿਧਾਨ ਸਭਾਵਾਂ ਦੇ ਕਾਰਜਕਾਰੀਆਂ ਨੂੰ ਕਿੰਨੀ ਸ਼ਕਤੀ ਦਿੱਤੀ ਜਾਣੀ ਚਾਹੀਦੀ ਹੈ, ਦੂਜਾ ਇਹ ਕਿ ਕੇਂਦਰ ਭਾਰਤੀ ਕਾਰਜਕਾਰਨੀ ਨੂੰ ਰਾਜਾਂ ਵਿੱਚ ਅਤੇ ਬਾਹਰ ਕਿੰਨੀ ਸ਼ਕਤੀ ਰੱਖਣ ਦੀ ਇਜਾਜ਼ਤ ਦਿੰਦਾ ਹੈ ਕਿ ਉਹ ਆਪਣੇ-ਆਪਣੇ ਸਦਨਾਂ/ਵਿਧਾਨ ਸਭਾਵਾਂ ਪ੍ਰਤੀ ਕਿੰਨੀ ਜਵਾਬਦੇਹ ਹਨ। ਇਸ ਵਿੱਚ ਕਮਿਸ਼ਨ ਨੇ ਪਹਿਲਾ ਹੱਲ ਚੁਣਿਆ ਹੈ। ਮੇਰੀ ਰਾਏ ਵਿੱਚ, ਜਦੋਂ ਸਦਨ/ਵਿਧਾਨ ਸਭਾਵਾਂ ਲੋਕਾਂ ਦੇ ਸਾਰੇ ਹਿੱਤਾਂ ਦੀ ਪੂਰੀ ਤਰ੍ਹਾਂ ਪ੍ਰਤੀਨਿਧਤਾ ਕਰਦੀਆਂ ਹਨ, ਤਾਂ ਸਹੀ ਹੱਲ ਦੂਜਾ ਹੈ ਨਾ ਕਿ ਪਹਿਲਾ। ਜੇਕਰ ਮੇਰੀ ਸੋਚ ਸਹੀ ਹੈ, ਤਾਂ ਜਵਾਬਦੇਹੀ ਦੇ ਸਿਧਾਂਤ ਨੂੰ ਹਰ ਖੇਤਰ ਵਿੱਚ ਲਾਗੂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਅਪਵਾਦਾਂ ਨੂੰ ਛੱਡ ਕੇ ਜਿੱਥੇ ਇਸਨੂੰ ਹੁਣੇ ਲਾਗੂ ਕਰਨਾ ਸੰਭਵ ਨਹੀਂ ਹੈ। ਮੈਨੂੰ ਕੋਈ ਕਾਰਨ ਨਹੀਂ ਦਿਖਦਾ ਕਿ ਰਾਜਾਂ ਦੀ ਕਾਰਜਕਾਰਨੀ ਨੂੰ ਪੂਰੀ ਤਰ੍ਹਾਂ ਜਵਾਬਦੇਹ ਕਿਉਂ ਬਣਾਇਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ, ਕੇਂਦਰ ਦੀ ਕਾਰਜਕਾਰਨੀ ਨੂੰ ਪੂਰੀ ਤਰ੍ਹਾਂ ਜਵਾਬਦੇਹ ਬਣਾਉਣ ਵਿੱਚ ਕੋਈ ਰੁਕਾਵਟ ਨਹੀਂ ਹੈ, ਸਿਵਾਏ ਫੌਜ ਅਤੇ ਵਿਦੇਸ਼ ਨੀਤੀ ਨਾਲ ਸਬੰਧਤ ਕੁਝ ਵਿਸ਼ਿਆਂ ਦੇ।

28. ਸਾਡੇ ਵਿੱਚੋਂ ਕੁਝ ਕਹਿ ਸਕਦੇ ਹਨ ਕਿ ਦਿੱਲੀ ਅਜੇ ਵੀ ਬਹੁਤ ਦੂਰ ਹੈ ਅਤੇ ਦਲਿਤ ਵਰਗ ਨੂੰ ਰਾਜਾਂ ਦੀ ਜ਼ਿੰਮੇਵਾਰੀ ਤੱਕ ਸੀਮਤ ਰੱਖਿਆ ਜਾਣਾ ਚਾਹੀਦਾ ਹੈ। ਮੈਂ ਉਨ੍ਹਾਂ ਨੂੰ ਸੁਝਾਅ ਦਿੰਦਾ ਹਾਂ ਕਿ ਕੇਂਦਰ ਜਾਂ ਰਾਜਾਂ ਦੀ ਕਾਰਜਕਾਰਨੀ ਨੂੰ ਜਵਾਬਦੇਹ ਬਣਾਉਣ ਸੰਬੰਧੀ ਰਾਏ ਬਣਾਉਂਦੇ ਸਮੇਂ ਦੋ ਗੱਲਾਂ 'ਤੇ ਧਿਆਨ ਕੇਂਦਰਿਤ

"ਇਕੁਐਲਿਟੀ ਐਂਡ ਜਸਟਿਸ"
Rs- 100/month
"Equality and Justice"
स्वतंत्रता, समानता, भाईचारा

ਕਰਨ ਅਤੇ ਸੋਚਣ। ਇੱਕ ਤਾਂ ਇਹ ਹੈ ਕਿ ਦੇਸ਼ ਦੇ ਹਿੱਤ, ਜਿਸ ਵਿੱਚ ਦਲਿਤ ਵਰਗ ਵੀ ਸ਼ਾਮਲ ਹੈ, ਰਾਜ ਸਰਕਾਰਾਂ ਨਾਲੋਂ ਕੇਂਦਰ ਸਰਕਾਰ ਨਾਲ ਵਧੇਰੇ ਨੇੜਿਓਂ ਅਤੇ ਤੀਬਰਤਾ ਨਾਲ ਜੁੜੇ ਹੋਏ ਹਨ। ਇਸ ਲਈ, ਕੇਂਦਰ ਦੀ ਚੱਕੀ ਕਿੰਨੀ ਸੁਚਾਰੂ ਅਤੇ ਬਾਰੀਕੀ ਨਾਲ ਪੀਸੀ ਜਾਵੇਗੀ, ਇਹ ਇਸ ਦੇਸ਼ ਦੇ ਲੋਕਾਂ ਦੀ ਖੁਸ਼ਹਾਲੀ ਦੀ ਹੱਦ ਨਿਰਧਾਰਤ ਕਰੇਗਾ। ਕਾਰਜਪਾਲਿਕਾ ਆਪਣੀ ਕਾਰਜਸ਼ੈਲੀ ਵਿੱਚ ਵਿਧਾਨ ਸਭਾ ਨਾਲ ਕਿੰਨੀ ਸੰਵੇਦਨਸ਼ੀਲਤਾ ਨਾਲ ਤਾਲਮੇਲ ਰੱਖ ਸਕੇਗੀ। ਇਸ ਦ੍ਰਿਸ਼ਟੀਕੋਣ ਤੋਂ, ਜੇਕਰ ਅਸੀਂ ਲੋਕਾਂ ਦੀ ਅਧਿਆਤਮਿਕ ਅਤੇ ਵਿੱਤੀ ਸਥਿਤੀ ਵਿੱਚ ਤਰੱਕੀ ਦੇਖਣ ਲਈ ਉਤਸੁਕ ਹਾਂ, ਤਾਂ ਅਸੀਂ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਦੇ ਸਵਾਲ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਪਰ ਇੱਕ ਹੋਰ ਕਾਰਨ ਹੈ ਜੋ ਇੱਕੋ ਜਵਾਬ ਵੱਲ ਇਸ਼ਾਰਾ ਕਰਦਾ ਹੈ। ਰਾਜ ਸਰਕਾਰ ਦੀ ਕਾਰਜਪਾਲਿਕਾ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਕੇਂਦਰ ਸਰਕਾਰ ਦੇ ਇੱਕ ਮਹੱਤਵਪੂਰਨ ਏਜੰਟ ਦੀ ਭੂਮਿਕਾ ਨਿਭਾਉਂਦੀ ਰਹੇਗੀ। ਜੇਕਰ ਦੋਵਾਂ ਨੂੰ ਇੱਕ ਦੂਜੇ ਨਾਲ ਤਾਲਮੇਲ ਵਿੱਚ ਕੰਮ ਕਰਨਾ ਪੈਂਦਾ ਹੈ, ਤਾਂ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਇੱਕੋ ਸਰੋਤ ਤੋਂ ਆਦੇਸ਼ ਮਿਲਣ। ਇਸ ਤੋਂ ਬਿਨਾਂ ਦੋਵਾਂ ਵਿਚਕਾਰ ਬਹੁਤ ਟਕਰਾਅ ਹੋਵੇਗਾ। ਇੱਕ ਰਾਜ ਅਧਿਕਾਰੀ ਜੋ ਰਾਜ ਵਿਧਾਨ ਸਭਾ ਨੂੰ ਜਵਾਬਦੇਹ ਹੈ, ਕੇਂਦਰ ਸਰਕਾਰ ਤੋਂ ਆਦੇਸ਼ ਨਹੀਂ ਲੈ ਸਕਦਾ, ਖਾਸ ਕਰਕੇ ਜਦੋਂ ਕੇਂਦਰ ਸਰਕਾਰ ਦੀ ਕਾਰਜਪਾਲਿਕਾ ਆਪਣੇ ਕੰਮ ਲਈ ਕੇਂਦਰੀ ਸਦਨ ਦੇ ਨਹੀਂ ਸਗੋਂ ਰਾਜ ਸਕੱਤਰ ਦੇ ਅਧੀਨ ਕੰਮ ਕਰ ਰਹੀ ਹੋਵੇ। ਟਕਰਾਅ ਦੀ ਅਜਿਹੀ ਸਥਿਤੀ ਵਿੱਚ, ਦੇਸ਼ ਦਾ ਪ੍ਰਸ਼ਾਸਨ ਆਫ਼ਤ ਦੇ ਸਮੇਂ ਪੂਰੀ ਤਰ੍ਹਾਂ ਸ਼ਕਤੀਹੀਣ ਹੋ ਸਕਦਾ ਹੈ। ਇਸ ਲਈ, ਤੁਸੀਂ ਕਦੇ ਵੀ ਸਿਰਫ਼ ਰਾਜ ਕਾਰਜਕਾਰਨੀ ਨੂੰ ਜਵਾਬਦੇਹ ਨਹੀਂ ਬਣਾ ਸਕਦੇ। ਇਸ ਲਈ, ਆਪਣੀ ਮਰਜ਼ੀ ਨਾਲ ਜਾਂ ਅਣਚਾਹੇ ਤੌਰ 'ਤੇ, ਕੇਂਦਰੀ ਕਾਰਜਕਾਰਨੀ ਨੂੰ ਕੁਝ ਹੱਦ ਤੱਕ ਜਵਾਬਦੇਹ ਬਣਾਉਣਾ ਪਵੇਗਾ।

**ਲੇਖ ਦਾ ਬਾਕੀ ਭਾਗ ਕਲ.....**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

# ਸਭਿਅਤਾ ਜਾਂ ਘੋਰ ਅਸਭਿਅਤਾ

ਬਾਬਾ ਸਾਹਿਬ ਡਾ. ਅੰਬੇਡਕਰ

**ਲੜੀ ਵਾਰ ਭਾਗ ਸੱਤਵਾਂ**

ਅਧਿਆਤਮਿਕਤਾ ਭਾਰਤ ਉੱਤੇ ਇੱਕ ਧੱਬਾ ਰਹੀ ਹੈ। ਇਸਨੇ ਇਸਦੇ ਇਤਿਹਾਸ ਨੂੰ ਵਿਗਾੜ ਦਿੱਤਾ ਹੈ, ਇਸਨੂੰ ਤਬਾਹੀ ਦੇ ਟੋਏ ਵਿੱਚ ਧੱਕ ਦਿੱਤਾ ਹੈ। ਇਸਨੇ ਇਸਦੇ ਮਹਾਨ ਪੁਰਸ਼ਾਂ ਨੂੰ ਤਰਸਯੋਗ ਹਾਲਤਾਂ ਵਿੱਚ ਘਟਾ ਦਿੱਤਾ ਹੈ ਅਤੇ ਉਹਨਾਂ ਨੂੰ ਸਿਰਫ਼ ਸੁਝਵਾਨ ਬਣਾ ਦਿੱਤਾ ਹੈ ਅਤੇ ਉਹਨਾਂ ਨੂੰ ਵਿਅਰਥ ਉਤਸੁਕਤਾ ਅਤੇ ਯਤਨਾਂ ਦੇ ਗਲਿਆਰਿਆਂ ਵਿੱਚ ਭਟਕਣ ਲਈ ਮਜਬੂਰ ਕਰ ਦਿੱਤਾ ਹੈ। ਇਹ ਕਈ ਸਦੀਆਂ ਤੋਂ ਭਾਰਤੀ ਵਿਦਵਾਨਾਂ ਲਈ ਇੱਕ ਭਰਮ ਰਿਹਾ ਹੈ। ਇਸਨੇ ਸੂਝ, ਕਲਾ ਅਤੇ ਕਲਪਨਾ ਨੂੰ ਗਿਆਨ ਦੇ ਸਭ ਤੋਂ ਉੱਚੇ ਤਖਤ ਤੱਕ ਉੱਚਾ ਕੀਤਾ ਹੈ। ਇਸਨੇ ਭਾਰਤੀਆਂ ਨੂੰ ਇੰਨਾ ਬੇਕਾਰ ਬਣਾ ਦਿੱਤਾ ਹੈ ਕਿ ਉਹ ਸੈਂਕੜੇ ਸਾਲਾਂ ਤੋਂ ਚੱਕੀ ਵਿੱਚ ਬਲਦ ਵਾਂਗ ਉਸੇ ਪੁਰਾਣੇ ਰਸਤੇ 'ਤੇ ਚੱਲ ਰਹੇ ਹਨ। ਇਸਨੇ ਇਸਦੇ ਰਿਸ਼ੀਆਂ ਦੀ ਦ੍ਰਿਸ਼ਟੀ ਨੂੰ ਕਮਜ਼ੋਰ ਕਰ ਦਿੱਤਾ ਹੈ, ਜਿਸ ਕਾਰਨ ਉਹ ਝੂਠੀਆਂ ਤਸਵੀਰਾਂ ਨੂੰ ਹਕੀਕਤ ਸਮਝਦੇ ਸਨ। ... ਇਹ ਹੰਕਾਰ, ਦਿਖਾਵਾ, ਸ਼ਬਦਾਂ ਦਾ ਜਾਲ ਅਤੇ ਇੱਕ ਕਮਜ਼ੋਰ ਦ੍ਰਿਸ਼ਟੀ ਹੈ। ਉਹ ਆਪਣੇ ਖਿੰਡੇ ਹੋਏ ਵਿਚਾਰਾਂ ਨੂੰ ਬ੍ਰਹਮ ਸੰਦੇਸ਼ ਕਹਿੰਦੀ ਹੈ ਅਤੇ ਆਪਣੇ ਅਜੀਬ ਸ਼ਬਦਾਂ ਨਾਲ ਉਹ ਸਿਧਾਂਤਾਂ ਦੀ ਇੱਕ ਮਹਾਨ ਅਤੇ ਅਭੇਦ ਇਮਾਰਤ ਬਣਾਉਂਦੀ ਹੈ..... ਉਪਨਿਸ਼ਦ ਉਸ ਗੱਲ ਦੀ ਵਿਆਖਿਆ ਕਰਨ ਦਾ ਦਾਅਵਾ ਕਰਦੇ ਹਨ ਜਿਸਦਾ, ਜੇਕਰ ਜਾਣਿਆ ਜਾਂਦਾ ਹੈ, ਤਾਂ ਇਸਦਾ ਅਰਥ ਹੈ ਕਿ ਸਭ ਕੁਝ ਜਾਣਿਆ ਜਾਂਦਾ ਹੈ। 'ਪਰਮ ਪਰਮਾਤਮਾ' ਬਾਰੇ ਇਹ ਮੱਧਯੁਗੀ ਉਤਸੁਕਤਾ ਭਾਰਤ ਦੇ ਪੂਰੇ ਉੱਚ ਅਧਿਆਤਮਿਕ ਗਿਆਨ ਦਾ ਆਧਾਰ ਹੈ। ਖੰਡਾਂ ਦੇ ਬਾਅਦ ਖੰਡ ਕਲਪਨਾ ਦੀਆਂ ਬੇਤੁਕ ਉਡਾਨਾਂ, ਅਜੀਬ ਭਰਮਾਂ ਅਤੇ ਬੇਤੁਕੇ ਅੰਦਾਜ਼ਿਆਂ ਨਾਲ ਭਰੇ ਹੋਏ ਹਨ। ਅਤੇ ਅਸੀਂ ਅਜੇ ਤੱਕ ਇਹ ਨਹੀਂ ਸਮਝ ਸਕੇ ਕਿ ਉਹ ਵਿਅਰਥ ਹਨ। 'ਸਮਾਧੀ' ਜਾਂ ਬੇਹੋਸ਼ੀ ਨੂੰ ਅਧਿਆਤਮਿਕ ਤਰੱਕੀ ਦਾ ਸਭ ਤੋਂ ਉੱਚਾ ਬਿੰਦੂ ਮੰਨਿਆ ਜਾਂਦਾ ਹੈ। ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਬੇਹੋਸ਼ ਹੋਣ ਦੀ ਯੋਗਤਾ ਨੂੰ ਬੁੱਧੀ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਜੇਕਰ ਭਾਵਨਾਵਾਂ ਪ੍ਰਮੁੱਖ ਹਨ ਅਤੇ ਵਿਵੇਕ ਸੈਕੰਡਰੀ ਹੈ, ਤਾਂ ਹੋਸ਼ ਗੁਆਉਣਾ ਕੋਈ ਵੱਡੀ ਗੱਲ ਨਹੀਂ ਹੈ। ਇਹੀ ਕਾਰਨ ਹੈ ਕਿ ਔਰਤਾਂ ਥੋੜ੍ਹੀ ਜਿਹੀ ਵੀ ਬੇਚੈਨੀ ਨਾਲ ਵੀ ਬੇਹੋਸ਼ ਹੋ ਜਾਂਦੀਆਂ ਹਨ। ਪਰ ਭਾਰਤ ਵਿੱਚ 'ਸਮਾਧੀ' ਯੋਗ ਦਾ ਅੱਠਵਾਂ ਹਿੱਸਾ ਜਾਂ ਕਦਮ ਹੈ ਅਤੇ ਸਿਰਫ਼ ਇੱਕ 'ਪਰਮਹੰਸ' ਹੀ ਇਸਨੂੰ ਪ੍ਰਾਪਤ ਕਰ ਸਕਦਾ ਹੈ। ਹੇ ਇਜ਼ਰਾਈਲ, ਕੀ ਇਹ ਤੁਹਾਡੇ ਦੇਵਤੇ ਹਨ? ਨਕਲੀ ਤੌਰ 'ਤੇ ਪੈਦਾ ਹੋਈ ਅਸਧਾਰਨ ਮਨ ਦੀ ਸਥਿਤੀ ਨੂੰ ਗਿਆਨ ਦੀ ਪ੍ਰਾਪਤੀ ਦੀ ਨਿਸ਼ਾਨੀ ਮੰਨਣਾ ਇੱਕ ਗਲਤੀ ਹੈ ਜੋ ਸਿਰਫ ਭਾਰਤੀ ਦਾਰਸ਼ਨਿਕ ਹੀ ਕਰ ਸਕਦੇ ਹਨ।



ਵਿਗਿਆਨ, ਕਲਾ ਅਤੇ ਹੁਨਰ ਦੇ ਖੇਤਰ ਵਿੱਚ ਹਿੰਦੂ ਸਭਿਅਤਾ ਦਾ ਯੋਗਦਾਨ ਬਹੁਤ ਹੀ ਆਦਿਮ ਪ੍ਰਕਿਰਤੀ ਦਾ ਹੈ। ਬੁਣਾਈ, ਕਤਾਈ ਆਦਿ ਦੇ ਕੁਝ ਖੇਤਰਾਂ ਨੂੰ ਛੱਡ ਕੇ, ਹਿੰਦੂ ਸਭਿਅਤਾ ਨੇ ਬਾਕੀਆਂ ਵਿੱਚ ਕੋਈ ਵੀ ਤਕਨਾਲੋਜੀ ਦੀ ਖੋਜ ਨਹੀਂ ਕੀਤੀ ਹੈ ਜੋ ਮਨੁੱਖ ਨੂੰ ਕੁਦਰਤ ਦੇ ਵਿਰੁੱਧ ਸੰਘਰਸ਼ ਵਿੱਚ ਮਦਦ ਕਰ ਸਕੇ ਅਤੇ ਉਸਨੂੰ ਜੀਵਨ ਪੱਧਰ ਪ੍ਰਾਪਤ ਕਰਨ ਦੇ ਯੋਗ ਬਣਾ ਸਕੇ ਜਿਸਨੂੰ ਵਹਿਸ਼ੀ ਯੁੱਗ ਦੇ ਮਿਆਰ ਤੋਂ ਉੱਚਾ ਕਿਹਾ ਜਾ ਸਕੇ। ਇਸਦਾ ਕਾਰਨ ਇਹ ਹੈ ਕਿ ਕੋਈ ਵਿਗਿਆਨਕ ਅਤੇ ਤਕਨੀਕੀ ਸਾਧਨ ਨਹੀਂ ਹਨ। ਸਾਰੀਆਂ ਅਧਿਆਤਮਿਕ ਬਕਵਾਸਾਂ ਜੋ ਸਮਝ ਵਿੱਚ ਨਹੀਂ ਆਉਂਦੀਆਂ, ਸਾਡੇ ਉੱਤੇ ਥੋਪੀਆਂ ਜਾ ਰਹੀਆਂ ਹਨ। ਹਰ ਯੁੱਗ ਵਿੱਚ ਅਕਾਲ ਇਸ ਦੇਸ਼ ਨੂੰ ਲਤਾੜਦੇ ਰਹੇ ਹਨ। ਅਗਿਆਨਤਾ, ਅੰਧਵਿਸ਼ਵਾਸ, ਮਨ ਦੇ ਵਿਕਾਰ ਅਤੇ ਸਰੀਰ ਦੇ ਵਿਕਾਸ ਜਿਵੇਂ ਕਿ ਮਲੇਰੀਆ, ਪਲੇਗ ਆਦਿ ਯੁੱਗਾਂ ਤੋਂ ਇਸ ਦੇਸ਼ ਲਈ ਇੱਕ ਕਫ਼ਨ ਰਹੇ ਹਨ।

ਹਿੰਦੂਆਂ ਨੇ ਧਰਮ ਅਤੇ ਨੈਤਿਕਤਾ ਦੇ ਖੇਤਰ ਵਿੱਚ ਸਭ ਤੋਂ ਵੱਧ ਯਤਨ ਕੀਤੇ ਹਨ। ਉਨ੍ਹਾਂ ਨੇ ਜੋ ਵੀ ਯੋਗਦਾਨ ਪਾਇਆ ਹੈ, ਉਸ ਵਿੱਚ ਉਹ ਸਭ ਤੋਂ ਵੱਧ ਵਿਕਸਤ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਮਨੁੱਖ ਲਈ ਬਹੁਤ ਜ਼ਰੂਰੀ ਹਨ। ਇਸਦਾ ਸਧਾਰਨ ਕਾਰਨ ਇਹ ਹੈ ਕਿ ਉਹ ਮਨੁੱਖ ਦੇ ਮਨ ਵਿੱਚ ਸੋਚ ਅਤੇ ਕਿਰਿਆ ਦੇ ਬੀਜ ਬੀਜਦੇ ਹਨ। ਉਹ ਉਹ ਹਨ ਜੋ ਜੀਵਨ ਪ੍ਰਤੀ ਮਨੁੱਖ ਦੇ ਨਜ਼ਰੀਏ ਨੂੰ ਆਕਾਰ ਦਿੰਦੇ ਹਨ। ਉਹ ਉਹ ਹਨ ਜੋ ਮਨੁੱਖ ਦੇ ਆਪਣੇ ਸਾਥੀ ਮਨੁੱਖ ਪ੍ਰਤੀ ਦ੍ਰਿਸ਼ਟੀਕੋਣ ਨੂੰ ਤਿਆਰ ਕਰਦੇ ਹਨ। ਉਹ ਉਹ ਸਿਧਾਂਤ ਨਿਰਧਾਰਤ ਕਰਦੇ ਹਨ ਜੋ ਉਸਦੇ ਆਚਰਣ ਅਤੇ ਚਰਿੱਤਰ ਨੂੰ ਆਕਾਰ ਦਿੰਦੇ ਹਨ। ਉਹ ਉਹ ਹਨ ਜੋ ਮਨੁੱਖ ਦੇ ਮਨ ਵਿੱਚ ਜ਼ਮੀਰ ਦਾ ਰਹੱਸਮਈ ਬੀਜ ਬੀਜਦੇ ਹਨ। ਇਹ ਜ਼ਮੀਰ ਹੈ ਜੋ ਰਾਖਾ ਹੈ ਅਤੇ ਉਸਨੂੰ ਗਲਤ ਰਸਤੇ 'ਤੇ ਨਹੀਂ ਜਾਣ ਦਿੰਦੀ।

ਜਦੋਂ ਅਸੀਂ ਇਸ ਹਿੰਦੂ ਸੱਭਿਅਤਾ ਨੂੰ ਇਸਦੇ ਆਪਣੇ ਧਾਰਮਿਕ ਦ੍ਰਿਸ਼ਟੀਕੋਣ ਅਤੇ ਜੀਵਨ ਦੇ ਆਪਣੇ ਫ਼ਲਸਫ਼ੇ ਦੀ ਕਸੌਟੀ 'ਤੇ ਪਰਖਦੇ ਹਾਂ, ਤਾਂ ਸਾਨੂੰ ਸ਼ੱਕ ਹੋਣ ਲੱਗਦਾ ਹੈ ਕਿ ਕੀ ਇਹ ਹਿੰਦੂ ਸੱਭਿਅਤਾ ਉਨ੍ਹਾਂ ਪੀੜ੍ਹੀਆਂ ਲਈ ਕੋਈ ਲਾਭਕਾਰੀ ਹੈ ਜੋ ਇਸਨੂੰ ਵਿਰਾਸਤ ਵਿੱਚ ਪ੍ਰਾਪਤ ਕਰਨਗੀਆਂ? ਇਹ ਸੱਭਿਅਤਾ ਆਪਣੇ ਦਾਇਰੇ ਵਿੱਚ ਰਹਿਣ ਵਾਲੇ ਕਬਾਇਲੀ ਜਾਤੀਆਂ ਦੇ 2.5 ਕਰੋੜ ਲੋਕਾਂ ਨੂੰ ਕੀ ਦਿੰਦੀ ਹੈ? ਇਹ ਸੱਭਿਅਤਾ ਅਪਰਾਧੀ ਜਾਤੀਆਂ ਦੇ 50 ਲੱਖ ਲੋਕਾਂ ਨੂੰ ਕੀ ਦਿੰਦੀ ਹੈ ਜੋ ਇਸ ਸੱਭਿਅਤਾ ਦੇ ਘੇਰੇ ਵਿੱਚ ਰਹਿ ਰਹੇ ਹਨ? ਇਹ ਪੰਜ ਕਰੋੜ ਅਛੂਤਾਂ ਨੂੰ ਕੀ ਦਿੰਦੀ ਹੈ ਜੋ ਨਾ ਸਿਰਫ਼ ਇਸ ਸੱਭਿਅਤਾ ਦੇ ਅਧੀਨ ਰਹਿ ਰਹੇ ਹਨ ਬਲਕਿ ਜਿਨ੍ਹਾਂ ਨੂੰ ਇਸਨੂੰ ਸਹਿਣਾ ਵੀ ਪੈਂਦਾ ਹੈ? ਆਦਿਮ ਨਸਲਾਂ ਇੱਕ ਸੱਭਿਅਤਾ ਬਾਰੇ ਕੀ ਕਹਿਣਗੀਆਂ ਜਿਸਨੇ ਉਹਨਾਂ ਨੂੰ ਆਪਣੇ ਆਪ ਵਿੱਚ ਸਮਾ ਲੈਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ? ਅਪਰਾਧੀ ਨਸਲਾਂ ਇੱਕ ਸੱਭਿਅਤਾ ਬਾਰੇ ਕੀ ਕਹਿਣਗੀਆਂ ਜਿਸਨੇ ਉਹਨਾਂ ਨੂੰ ਭਜਾ ਦਿੱਤਾ ਹੈ ਅਤੇ ਉਹਨਾਂ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਅਪਰਾਧ ਨੂੰ ਆਪਣਾ ਪੇਸ਼ਾ ਬਣਾਉਣ ਲਈ ਮਜਬੂਰ ਕੀਤਾ ਹੈ? ਜੇ ਉਹ ਕਹਿੰਦੇ ਹਨ ਕਿ ਇਹ ਸੱਭਿਅਤਾ ਨਹੀਂ ਹੈ ਸਗੋਂ ਸੱਭਿਅਤਾ ਦੇ ਨਾਮ 'ਤੇ ਇੱਕ ਧੱਬਾ ਹੈ, ਤਾਂ ਕੀ ਇਹ ਗਲਤ ਹੋਵੇਗਾ?

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਜੂਨ
INTERNATIONAL PAPER, 94636 01616
hardipchumber57@gmail.com

# ਨਸ਼ਿਆਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ

ਐਡਵੋਕੇਟ ਕੁਲਦੀਪ ਚੰਦ ਦੋਭੇਟਾ
ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਦੋਭੇਟਾ
ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਪੰਜਾਬ
9417563054



ਨਸ਼ਿਆਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਸਬੰਧੀ ਫੋਟੋ। ਨਸ਼ਿਆਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਜਾਂ ਵਿਸ਼ਵ ਨਸ਼ਾ ਦਿਵਸ ਹਰ ਸਾਲ 26 ਜੂਨ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਤੋਂ ਮੁੱਕਤ ਦੁਨੀਆ ਪ੍ਰਾਪਤ ਕਰਨ ਵਿੱਚ ਕਾਰਵਾਈ ਅਤੇ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਮਨਾਇਆ ਜਾਂਦਾ ਹੈ। ਹਰ ਸਾਲ ਵਿਸ਼ਵ ਭਰ ਦੀਆਂ ਵੱਖ-ਵੱਖ ਸੰਗਠਨ ਇਸਨੂੰ ਮਨਾਉਣ ਲਈ ਸ਼ਾਮਲ ਹੁੰਦੇ ਹਨ ਤਾਂ ਜੋ ਸਮਾਜ ਨੂੰ ਗੈਰ-ਕਾਨੂੰਨੀ ਨਸ਼ਿਆਂ ਦੀ ਸਮੱਸਿਆ ਬਾਰੇ ਜਾਗਰੂਕਤਾ ਪੈਦਾ ਕਰਨ ਵਿੱਚ ਮੱਦਦ ਕੀਤੀ ਜਾ ਸਕੇ। ਜੇਕਰ ਇਸ ਦਿਵਸ ਦਾ ਇਤਿਹਾਸ ਵੇਖੀਏ ਤਾਂ ਨਸ਼ਿਆਂ ਦੀ ਵਧਦੀ ਵਰਤੋਂ ਅਤੇ ਸਮਾਜ ਤੇ ਪੈ ਰਹੇ ਕੁਪ੍ਰਭਾਵਾਂ ਨੂੰ ਵੇਖਦਿਆਂ ਸੰਯੁਕਤ ਰਾਸ਼ਟਰ ਸੰਗਠਨ ਵਲੋਂ 7 ਦਸੰਬਰ 1987 ਨੂੰ ਮੀਟਿੰਗ ਕੀਤੀ ਗਈ ਅਤੇ ਹਰ ਸਾਲ 26 ਜੂਨ ਦਾ ਦਿਹਾੜਾ ਵਿਸ਼ਵ ਭਰ ਵਿੱਚ ਨਸ਼ਾਖੋਰੀ ਅਤੇ ਨਸ਼ਿਆਂ ਦੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਹਰ ਸਾਲ ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਗੈਰ ਕਨੂੰਨੀ ਨਸ਼ਿਆਂ ਦੀ ਵੱਧ ਰਹੀ ਵਰਤੋਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਨਸ਼ਿਆਂ ਦੀ ਸਮੱਸਿਆ ਬਹੁਤ ਹੀ ਗੰਭੀਰ ਸਮੱਸਿਆ ਹੈ ਅਤੇ ਨਸ਼ੇ ਹੀ ਬਹੁਤੇ ਅਪਰਾਧਾਂ ਦੀ ਜੜ੍ਹ ਹਨ। ਦੁਨੀਆਂ ਦਾ ਹਰ ਦੇਸ਼ ਨਸ਼ਿਆਂ ਤੋਂ ਪ੍ਰਭਾਵਿਤ ਹੈ ਅਤੇ ਨਜਾਇਜ਼ ਨਸ਼ਿਆਂ ਦੀ ਵਰਤੋਂ ਜੋਕਿ ਪ੍ਰਮੁੱਖ ਤੋਰ ਤੇ ਨੌਜਵਾਨਾਂ ਵਿੱਚ ਕੇਂਦਰਿਤ ਹੈ ਵਿਕਸਿਤ ਅਤੇ ਵਿਕਾਸਸ਼ੀਲ ਦੋਵਾਂ ਤਰਾਂ ਦੇ ਮੁਲਕਾਂ ਦੀ ਆਰਥਿਕਤਾ ਲਈ ਸਮੱਸਿਆ ਬਣ ਗਈ ਹੈ। ਵਿਸ਼ਵ ਵਿੱਚ ਹਰ ਸਾਲ ਲੱਗਭੱਗ 500 ਅਰਬ ਡਾਲਰਜ਼ ਦਾ ਗੈਰ ਕਨੂੰਨੀ ਨਸ਼ਿਆਂ ਦਾ ਵਪਾਰ ਹੁੰਦਾ ਹੈ ਜੋਕਿ ਪੈਟਰੋਲੀਅਮ ਅਤੇ ਹਥਿਆਰਾਂ ਦੇ ਵਪਾਰ ਤੋਂ ਬਾਦ ਤੀਜੇ ਨੰਬਰ ਤੇ ਆਂਦਾ ਹੈ। ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ 292 ਮਿਲੀਅਨ ਹੋ ਗਈ ਹੈ ਜੋ ਕਿ 10 ਸਾਲਾਂ ਵਿੱਚ 20 ਪ੍ਰਤੀਸ਼ਤ ਵਾਧਾ ਹੈ। ਕੈਨਾਬਿਸ ਦੁਨੀਆ ਭਰ ਵਿੱਚ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਨਸ਼ੀਲਾ ਪਦਾਰਥ ਹੈ। ਦੁਨੀਆ ਵਿੱਚ ਅੰਦਾਜ਼ਨ 64 ਮਿਲੀਅਨ ਲੋਕ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਨੁਕਸਾਨਾਂ ਤੋਂ ਪੀੜ੍ਹਿਤ ਹਨ ਪਰ 11 ਵਿੱਚੋਂ ਸਿਰਫ਼ 01 ਹੀ ਇਲਾਜ ਅਧੀਨ ਹੈ। ਔਰਤਾਂ ਨੂੰ ਮਰਦਾਂ ਨਾਲੋਂ ਇਲਾਜ ਤੱਕ ਘੱਟ ਪਹੁੰਚ ਮਿਲਦੀ ਹੈ 07 ਵਿੱਚੋਂ 01 ਪੁਰਸ਼ ਦੇ ਮੁਕਾਬਲੇ ਇਲਾਜ ਅਧੀਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਨੁਕਸਾਲਾਂ ਵਾਲੀਆਂ 18 ਵਿੱਚੋਂ ਸਿਰਫ਼ 01 ਔਰਤ ਹੀ ਹੈ। ਇੱਕ ਸਾਲ ਵਿੱਚ ਅੰਦਾਜ਼ਨ 7 ਮਿਲੀਅਨ ਲੋਕ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਲਈ ਪੁਲਿਸ ਦੇ ਰਸਮੀ ਸੰਪਰਕ ਵਿੱਚ ਸਨ ਜਿਸ ਵਿੱਚੋਂ ਲਗਭਗ ਦੋ-ਤਿਹਾਈ ਨਸ਼ੀਲੇ ਪਦਾਰਥਾਂ ਦੀ ਵਰਤੋਂ ਲਈ ਕਬਜ਼ੇ ਕਾਰਨ ਸਨ। ਇਸ ਤੋਂ ਇਲਾਵਾ 2.7 ਮਿਲੀਅਨ ਲੋਕਾਂ ਤੇ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਲਈ ਮੁਕੱਦਮਾ ਚਲਾਇਆ ਗਿਆ ਅਤੇ 1.6 ਮਿਲੀਅਨ ਤੋਂ ਵੱਧ ਲੋਕਾਂ ਨੂੰ ਦੋਸ਼ੀ ਠਹਿਰਾਇਆ ਗਿਆ ਹਾਲਾਂਕਿ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਪ੍ਰਤੀ ਅਪਰਾਧਿਕ ਨਿਆਂ ਪ੍ਰਤੀਕਿਰਿਆ ਦੇ ਸੰਬੰਧ ਵਿੱਚ ਖੇਤਰਾਂ ਵਿੱਚ ਮਹੱਤਵਪੂਰਨ ਅੰਤਰ ਹਨ। ਕੋਕੀਨ ਦੀ ਸਪਲਾਈ ਅਤੇ ਮੰਗ ਵਿੱਚ ਵਾਧਾ ਸਪਲਾਈ ਲੜੀ ਦੇ ਨਾਲ-ਨਾਲ ਰਾਜਾਂ ਵਿੱਚ ਹਿੰਸਾ ਵਿੱਚ ਵਾਧੇ ਦੇ ਨਾਲ ਮੇਲ ਖਾਂਦਾ ਹੈ। ਜਨਵਰੀ 2024 ਤੱਕ ਕੈਨੇਡਾ, ਸੰਯੁਕਤ ਰਾਜ ਅਮਰੀਕਾ ਆਦਿ ਦੇ 27 ਅਧਿਕਾਰ ਖੇਤਰਾਂ ਨੇ ਗੈਰ-ਡਾਕਟਰੀ ਵਰਤੋਂ ਲਈ ਭੰਗ ਦੇ ਉਤਪਾਦਨ ਅਤੇ ਵਿਕਰੀ ਨੂੰ ਕਾਨੂੰਨੀ ਮਾਨਤਾ ਦਿੱਤੀ ਸੀ ਜਦੋਂ ਕਿ ਹੋਰ ਥਾਵਾਂ ਤੇ ਵੀ ਕਈ ਤਰ੍ਹਾਂ ਦੇ ਕਨੂੰਨਨ ਪਹੁੰਚ ਉਭਰ ਕੇ ਸਾਹਮਣੇ ਆਈ ਹੈ। ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਭੰਗ ਦੀ ਵਰਤੋਂ ਸੰਬੰਧੀ ਵਿਕਾਰਾਂ ਨਾਲ ਸਬੰਧਤ ਹਸਪਤਾਲਾਂ ਵਿੱਚ ਭਰਤੀ ਹੋਣਾ ਅਤੇ ਮਾਨਸਿਕ ਵਿਕਾਰਾਂ ਵਾਲੇ ਲੋਕਾਂ ਅਤੇ ਨਿਯਮਤ ਭੰਗ ਦੀ ਵਰਤੋਂ ਨਾਲ ਜੁੜੇ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲਿਆਂ ਖਾਸ ਕਰਕੇ ਨੌਜਵਾਨ ਬਾਲਗਾਂ ਵਿੱਚ ਵਾਧਾ ਹੋਇਆ ਹੈ। ਨਸ਼ੇ ਦੀ ਸਮੱਸਿਆ ਇੱਕ ਗੁੰਝਲਦਾਰ ਮੁੱਦਾ ਹੈ ਜੋ ਦੁਨੀਆ ਵਿੱਚ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਬਹੁਤ ਸਾਰੇ ਲੋਕ ਜੋ ਨਸ਼ਿਆਂ ਦੀ ਵਰਤੋਂ ਕਰਦੇ ਹਨ ਉਨ੍ਹਾਂ ਨੂੰ ਕਲੰਕ ਅਤੇ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਹੋਰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਉਨ੍ਹਾਂ ਨੂੰ ਲੋੜੀਂਦੀ ਮੱਦਦ ਤੱਕ ਪਹੁੰਚਣ ਤੋਂ ਰੋਕ ਸਕਦਾ ਹੈ। ਸੰਯੁਕਤ ਰਾਸ਼ਟਰ ਦੇ ਡਰੱਗਜ਼ ਅਤੇ ਅਪਰਾਧ ਦਫ਼ਤਰ (ਯੂਐਨਓਡੀਸੀ) ਮਨੁੱਖੀ ਅਧਿਕਾਰਾਂ, ਹਮਦਰਦੀ ਅਤੇ ਸਬੂਤ-ਅਧਾਰਿਤ ਅਭਿਆਸਾਂ ਤੇ ਕੇਂਦ੍ਰਿਤ ਡਰੱਗ ਨੀਤੀਆਂ ਪ੍ਰਤੀ ਲੋਕ-ਕੇਂਦ੍ਰਿਤ ਪਹੁੰਚ ਅਪਣਾਉਣ ਦੀ ਮਹੱਤਤਾ ਨੂੰ ਮਾਨਤਾ ਦਿੰਦਾ ਹੈ। ਵਿਗਿਆਨਕ ਇਲਾਜ ਸੰਬੰਧੀ ਸਬੂਤਾਂ ਅਤੇ ਮਨੋਵਿਗਿਆਨਕਾਂ ਦੀ ਡਾਕਟਰੀ ਵਰਤੋਂ ਲਈ ਦਿਸ਼ਾ-ਨਿਰਦੇਸ਼ਾਂ ਦੇ ਵਿਕਾਸ ਨੂੰ ਪਛਾੜਨ ਦੀ ਸਮਰੱਥਾ ਹੈ ਸੰਭਾਵੀ ਤੌਰ ਤੇ ਜਨਤਕ ਸਿਹਤ ਟੀਚਿਆਂ ਨਾਲ ਸਮਝੌਤਾ ਕਰ ਸਕਦੀ ਹੈ ਅਤੇ ਮਨੋਵਿਗਿਆਨਕਾਂ ਦੀ ਨਿਗਰਾਨੀ ਰਹਿਤ ਵਰਤੋਂ ਨਾਲ ਜੁੜੇ ਸਿਹਤ ਜੋਖਮਾਂ ਨੂੰ ਵਧਾ ਸਕਦੀ ਹੈ। ਸੰਯੁਕਤ ਰਾਜ ਵਿੱਚ 40 ਪ੍ਰਤੀਸ਼ਤ ਅਤੇ ਯੂਰਪ ਵਿੱਚ ਭੰਗ ਨੂੰ ਹਾਨੀਕਾਰਕ ਮੰਨਣ ਵਾਲੇ ਕਿਸ਼ੋਰਾਂ ਦੀ ਗਿਣਤੀ 25 ਪ੍ਰਤੀਸ਼ਤ ਤੱਕ ਘਟੀ ਹੈ ਇਸਤੋਂ ਇਲਾਵਾ ਬਹੁਤੇ ਦੇਸ਼ਾਂ ਨੇ ਭੰਗ ਦੀ ਵਰਤੋਂ ਵਿੱਚ ਵਾਧਾ ਦਰਜ ਕੀਤਾ ਹੈ। ਮੌਜੂਦਾ ਅਨੁਮਾਨ ਸਾਲ 2030 ਤੱਕ ਵਿਸ਼ਵ ਪੱਧਰ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ 11 ਪ੍ਰਤੀਸ਼ਤ ਦੇ ਵਾਧੇ ਵੱਲ ਇਸ਼ਾਰਾ ਕਰਦੇ ਹਨ। ਇਸ ਅਨੁਮਾਨ ਅਨੁਸਾਰ 15 ਤੋਂ 64 ਸਾਲ ਦੀ ਉਮਰ ਦੇ ਲਗਭਗ 5.5 ਪ੍ਰਤੀਸ਼ਤ ਆਬਾਦੀ ਨੇ ਪਿਛਲੇ ਸਾਲ ਘੱਟੋ-ਘੱਟ ਇੱਕ ਵਾਰ ਨਸ਼ਿਆਂ ਦੀ ਵਰਤੋਂ ਕੀਤੀ ਹੈ ਜਦੋਂ ਕਿ 36.3 ਮਿਲੀਅਨ ਲੋਕ ਜਾਂ ਨਸ਼ੇ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ ਦਾ 13 ਪ੍ਰਤੀਸ਼ਤ ਨਸ਼ੇ ਤੋਂ ਪੀੜ੍ਹਿਤ ਹਨ।




ਵਿਸ਼ਵ ਪੱਧਰ ਤੇ 11 ਮਿਲੀਅਨ ਤੋਂ ਵੱਧ ਲੋਕਾਂ ਦੁਆਰਾ ਨਸ਼ੀਲੇ ਟੀਕੇ ਲਗਾਉਣ ਦਾ ਅਨੁਮਾਨ ਹੈ ਜਿਨ੍ਹਾਂ ਵਿੱਚੋਂ ਅੱਧੇ ਹੈਪੇਟਾਈਟਸ ਸੀ ਨਾਲ ਜੀਅ ਰਹੇ ਹਨ। ਇੱਕ ਰਿਪੋਰਟ ਅਨੁਸਾਰ ਦੁਨੀਆ ਵਿੱਚ 15-64 ਸਾਲ ਦੀ ਉਮਰ ਦੇ ਲੱਗਭੱਗ 284 ਮਿਲੀਅਨ ਲੋਕਾਂ ਨੇ ਨਸ਼ਿਆਂ ਦੀ ਵਰਤੋਂ ਕੀਤੀ ਜੋ ਪਿਛਲੇ ਦਹਾਕੇ ਨਾਲੋਂ 26 ਪ੍ਰਤੀਸ਼ਤ ਵੱਧ ਹੈ। ਇਸ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਲੱਗਭੱਗ 11.2 ਮਿਲੀਅਨ ਲੋਕ ਨਸ਼ੇ ਦੇ ਟੀਕੇ ਲਗਾ ਰਹੇ ਸਨ ਅਤੇ ਲੱਗਭੱਗ ਅੱਧੇ ਲੋਕ ਹੈਪੇਟਾਈਟਸ ਸੀ ਤੋਂ ਪੀੜ੍ਹਿਤ ਹਨ, 1.4 ਮਿਲੀਅਨ ਐੱਚਆਈਵੀ ਨਾਲ ਜੀਅ ਰਹੇ ਹਨ ਅਤੇ 1.2 ਮਿਲੀਅਨ ਦੋਵਾਂ ਰੋਗਾਂ ਨਾਲ ਜੀਅ ਰਹੇ ਹਨ। ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਨਿਰਮਾਣ ਅਤੇ ਜ਼ਬਤ ਕੀਤੇ ਜਾਣ ਦੀ ਸੰਖਿਆ ਵੱਧ ਰਹੀ ਹੈ। ਨਸ਼ਿਆਂ ਦੀ ਸਮੱਸਿਆ ਇੱਕ ਗੁੰਝਲਦਾਰ ਮੁੱਦਾ ਹੈ ਜੋ ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰਦੀ ਹੈ। ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਜਾਂ ਵਿਸ਼ਵ ਨਸ਼ਾ ਦਿਵਸ ਦੀ ਇਸ ਸਾਲ ਮੁਹਿੰਮ ਦਾ ਉਦੇਸ਼ ਉਨ੍ਹਾਂ ਲੋਕਾਂ ਨਾਲ ਸਤਿਕਾਰ ਅਤੇ ਹਮਦਰਦੀ ਨਾਲ ਪੇਸ਼ ਆਉਣ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ ਜੋ ਨਸ਼ੇ ਦੀ ਵਰਤੋਂ ਕਰਦੇ ਹਨ। ਇਹ ਮੁਹਿੰਮ ਇਸ ਸਾਲ 26 ਜੂਨ ਨੂੰ ਮਨਾਏ ਜਾਣ ਵਾਲੇ ਅੰਤਰਰਾਸ਼ਟਰੀ ਨਸ਼ਾਖੋਰੀ ਅਤੇ ਗੈਰ-ਕਾਨੂੰਨੀ ਤਸਕਰੀ ਦਿਵਸ ਦਾ ਹੀ ਹਿੱਸਾ ਹੈ ਜੋ ਕਿ ''ਨਸ਼ੇ ਦੀ ਲਤ ਦੀ ਰੋਕਥਾਮ ਅਤੇ ਇਲਾਜ ਹਰ ਕਿਸੇ ਦੀ ਜ਼ਿੰਮੇਵਾਰੀ ਹੈ'' ਥੀਮ ਤਹਿਤ ਮਨਾਇਆ ਜਾਵੇਗਾ। ਇਸ ਵਿੱਚ ਸਾਰਿਆਂ ਲਈ ਸਬੂਤ-ਅਧਾਰਿਤ, ਸਵੈ-ਇੱਛਤ ਸੇਵਾਵਾਂ ਪ੍ਰਦਾਨ ਕਰਨਾ, ਸਜ਼ਾ ਦੇ ਵਿਕਲਪ ਪੇਸ਼ ਕਰਨਾ, ਰੋਕਥਾਮ ਨੂੰ ਤਰਜੀਹ ਦੇਣਾ ਅਤੇ ਹਮਦਰਦੀ ਨਾਲ ਅਗਵਾਈ ਕਰਨਾ ਸ਼ਾਮਲ ਹਨ। ਇਸ ਮੁਹਿੰਮ ਦਾ ਉਦੇਸ਼ ਸਤਿਕਾਰਯੋਗ ਅਤੇ ਨਿਰਣਾਇਕ ਭਾਸ਼ਾ ਅਤੇ ਰਵੱਈਏ ਨੂੰ ਉਤਸ਼ਾਹਿਤ ਕਰਕੇ ਉਨ੍ਹਾਂ ਲੋਕਾਂ ਜੋ ਨਸ਼ਿਆਂ ਦੀ ਵਰਤੋਂ ਕਰਦੇ ਹਨ ਵਿਰੁੱਧ ਕਲੰਕ ਅਤੇ ਵਿਤਕਰੇ ਦਾ ਮੁਕਾਬਲਾ ਕਰਨਾ ਹੈ। ਸਿਹਤ ਦਾ ਅਧਿਕਾਰ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਮਨੁੱਖੀ ਅਧਿਕਾਰ ਹੈ ਜੋ ਸਾਰੇ ਮਨੁੱਖਾਂ ਦਾ ਹੈ ਭਾਵੇਂ ਕਿਸੇ ਵਿਅਕਤੀ ਦੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਸਥਿਤੀ ਹੋਵੇ ਜਾਂ ਕੋਈ ਵਿਅਕਤੀ ਕੈਦ, ਨਜ਼ਰਬੰਦ ਜਾਂ ਕੈਦ ਵਿੱਚ ਹੋਵੇ। ਇਹ ਉਹਨਾਂ ਲੋਕਾਂ, ਉਨ੍ਹਾਂ ਦੇ ਬੱਚਿਆਂ ਅਤੇ ਪਰਿਵਾਰਾਂ ਅਤੇ ਉਨ੍ਹਾਂ ਦੇ ਭਾਈਚਾਰਿਆਂ ਦੇ ਹੋਰ ਲੋਕਾਂ ਤੇ ਬਰਾਬਰ ਲਾਗੂ ਹੁੰਦਾ ਹੈ ਜੋ ਨਸ਼ੇ ਦੀ ਵਰਤੋਂ ਕਰਦੇ ਹਨ। ਸੰਯੁਕਤ ਰਾਸ਼ਟਰ ਦੇ ਡਰੱਗਜ਼ ਅਤੇ ਅਪਰਾਧ ਦਫ਼ਤਰ ਅਤੇ ਭਾਰਤ ਦੇ ਸਮਾਜਿਕ ਨਿਆਂ ਮੰਤਰਾਲੇ ਦੁਆਰਾ ਸਾਂਝੇ ਤੌਰ ਤੇ ਪ੍ਰਕਾਸ਼ਿਤ ਇੱਕ ਨਵੀਂ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲੱਖਾਂ ਭਾਰਤੀ ਸ਼ਰਾਬ, ਭੰਗ ਅਤੇ ਅਫੀਮ ਤੇ ਨਿਰਭਰ ਹਨ ਅਤੇ ਭਾਰਤੀ ਸਮਾਜ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਇੱਕ ਵਿਆਪਕ ਵਰਤਾਰਾ ਹੈ। ਬੱਚੇ ਦੇ ਜਨਮ ਤੋਂ ਲੈ ਕੇ ਮੰਗਣੀ, ਵਿਆਹ, ਨੌਕਰੀ, ਰਿਟਾਇਰਮੈਂਟ ਆਦਿ ਕੋਈ ਵੀ ਰਸਮ ਨਸ਼ੇ ਬਿਨਾਂ ਪੂਰੀ ਨਹੀਂ ਹੁੰਦੀ। ਅੱਜ ਸ਼ਾਇਦ ਹੀ ਕੋਈ ਸ਼ਹਿਰ, ਪਿੰਡ, ਗਲੀ, ਮੁਹੱਲਾ ਅਜਿਹਾ ਬਚਿਆ ਹੋਵੇ ਜਿੱਥੇ ਨਸ਼ਿਆਂ ਦੀ ਭਰਮਾਰ ਨਾ ਹੋਵੇ। ਨੌਜਵਾਨ ਪੀੜ੍ਹੀ ਲਈ ਨਸ਼ਾ ਇੱਕ ਫੈਸ਼ਨ ਬਣ ਗਿਆ ਹੈ। ਨੌਜਵਾਨ ਮੁੰਡਿਆਂ ਤੋਂ ਇਲਾਵਾ ਨੌਜਵਾਨ ਕੁੜੀਆਂ ਵੀ ਨਸ਼ੇ ਦੇ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ। ਨਸ਼ਿਆਂ ਨੂੰ ਮੁੱਖ ਤੋਰ ਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਸਰਕਾਰ ਵਲੋਂ ਮੰਨਜੂਰ ਸ਼ੁਦਾ ਨਸ਼ੇ ਜਿਨ੍ਹਾਂ ਤੇ ਕੋਈ ਰੋਕ ਨਹੀਂ ਹੈ ਅਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ੇ। ਆਮ ਤੋਰ ਤੇ ਪਾਬੰਦੀਸ਼ੁਦਾ ਨਸ਼ਿਆਂ ਨੂੰ ਹੀ ਨਸ਼ੇ ਸਮਝਿਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕੁੱਝ ਸੂਬਿਆਂ ਵਿੱਚ ਪਾਬੰਦੀਸ਼ੁਦਾ ਅਤੇ ਗੈਰ ਕਨੂੰਨੀ ਨਸ਼ੇ ਦੂਜੇ ਰਾਜਾਂ ਵਿੱਚ ਮੰਨਜੂਰਸ਼ੁਦਾ ਹਨ ਜਿਵੇਂ ਕਿ ਗੁਜਰਾਤ ਸਮੇਤ ਕੁੱਝ ਰਾਜਾਂ ਵਿੱਚ ਬੇਸ਼ੱਕ ਸ਼ਰਾਬ ਤੇ ਪਾਬੰਦੀ ਹੈ ਪਰ ਦੂਜੇ ਕਈ ਰਾਜਾਂ ਦੀ ਆਮਦਨ ਦਾ ਵੱਡਾ ਸਾਧਨ ਹੀ ਸ਼ਰਾਬ ਦੀ ਵਿਕਰੀ ਬਣਿਆ ਹੋਇਆ ਹੈ। ਇਸੇ ਤਰਾਂ ਕਈ ਰਾਜਾਂ ਵਿੱਚ ਅਫੀਮ ਤੇ ਪਾਬੰਦੀ ਹੈ ਪਰ ਕਈ ਦੂਜੇ ਰਾਜਾਂ ਵਿੱਚ ਇਸਦੀ ਖੇਤੀ ਅਤੇ ਵਿਕਰੀ ਹੁੰਦੀ ਹੈ। ਭੰਗ, ਅਫੀਮ, ਸ਼ਰਾਬ, ਡੋਡੇ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਅੱਜ ਕੱਲ ਨਸ਼ਿਆਂ ਦੇ ਕਈ ਆਧੁਨਿਕ ਨਵੇਂ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਕਿ ਬਰਾਊਨ ਸ਼ੂਗਰ, ਕੱਚੀ ਅਫੀਮ, ਚਰਸ, ਮਾਰਫੀਨ ਦੇ ਟੀਕੇ, ਕੈਪਸੂਲ, ਗੋਲੀਆਂ, ਸਮੈਕ, ਹੈਰੋਇਨ ਆਦਿ। ਕਈ ਨਸ਼ੇੜੀ ਖਾਂਸੀ ਦੀ ਦਵਾਈ, ਆਇਓਡੈਕਸ ਆਦਿ ਦਾ ਵੀ ਨਸ਼ਾ ਕਰਦੇ ਹਨ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਨਵੀਂ ਦਿੱਲੀ ਦੇ ਨੈਸ਼ਨਲ ਡਰੱਗ ਡਿਪੈਂਡੈਂਸ ਟਰੀਟਮੈਂਟ ਸੈਂਟਰ ਰਾਹੀਂ ਭਾਰਤ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਹੱਦ ਅਤੇ ਪੈਟਰਨ ਬਾਰੇ ਪਹਿਲੇ ਰਾਸ਼ਟਰੀ ਸਰਵੇਖਣ ਦੀ ਰਿਪੋਰਟ ਅਨੁਸਾਰ ਸ਼ਰਾਬ ਸਭ ਤੋਂ ਆਮ ਮਨੋਵਿਗਿਆਨਕ ਪਦਾਰਥ ਹੈ ਜਿਸਦੀ ਵਰਤੋਂ ਭਾਰਤੀਆਂ ਦੁਆਰਾ ਕੀਤੀ ਜਾਂਦੀ ਹੈ। ਰਿਪੋਰਟ ਅਨੁਸਾਰ ਦੇਸ਼ ਵਿੱਚ ਲਗਭਗ 16 ਕਰੋੜ ਵਿਅਕਤੀ ਸ਼ਰਾਬ ਦਾ ਸੇਵਨ ਕਰਦੇ ਹਨ, 3.1 ਕਰੋੜ ਵਿਅਕਤੀ ਭੰਗ ਦੇ ਉਤਪਾਦਾਂ ਅਤੇ 2.26 ਕਰੋੜ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ। ਲੱਗਭੱਗ 5.7 ਕਰੋੜ ਤੋਂ ਵੱਧ ਲੋਕ ਹਾਨੀਕਾਰਕ ਨਸ਼ਿਆਂ ਦੀ ਵਰਤੋਂ ਤੋਂ ਪ੍ਰਭਾਵਿਤ ਹਨ ਅਤੇ ਉਹਨਾਂ ਨੂੰ ਸ਼ਰਾਬ ਦੀ ਵਰਤੋਂ ਦੀਆਂ ਸਮੱਸਿਆਵਾਂ ਲਈ ਮੱਦਦ ਦੀ ਲੋੜ ਹੈ, ਲੱਗਭੱਗ 25 ਲੱਖ ਭੰਗ ਤੇ ਨਿਰਭਰਤਾ ਤੋਂ ਪੀੜਤ ਹਨ ਅਤੇ ਲਗਭਗ 77 ਲੱਖ ਵਿਅਕਤੀਆਂ ਨੂੰ ਉਨ੍ਹਾਂ ਦੀਆਂ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਸਬੰਧੀ ਸਮੱਸਿਆਵਾਂ ਲਈ ਮੱਦਦ ਦੀ ਲੋੜ ਹੋਣ ਦਾ ਅਨੁਮਾਨ ਹੈ। ਨਸ਼ੀਲੇ ਪਦਾਰਥਾਂ ਦਾ ਟੀਕਾ ਲਗਾਉਣਾ ਪੂਰੇ ਦੇਸ਼ ਵਿੱਚ ਕਾਫ਼ੀ ਫੈਲਿਆ ਹੋਇਆ ਹੈ। ਪੰਜਾਬ ਰਾਜ ਨੂੰ ਬੇਸ਼ੱਕ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ ਪਰ ਹੁਣ ਪੰਜਾਬ ਵਿੱਚ ਨਸ਼ਿਆ ਦਾ ਛੇਵਾਂ ਦਰਿਆ ਵਗ ਰਿਹਾ ਹੈ। ਕਈ ਵੱਡੇ-ਵੱਡੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਨਸ਼ਿਆਂ ਵਿੱਚ ਡੁੱਬੇ ਪਏ ਹਨ। ਚੋਣਾਂ ਦੌਰਾਨ ਤਾਂ ਨਸ਼ਿਆਂ ਦੀ ਵਰਤੋਂ ਕਈ ਗੁਣਾ ਵੱਧ ਜਾਂਦੀ ਹੈ। ਜਿਹੜੇ ਨੇਤਾ ਅਕਸਰ ਨਸ਼ਿਆ ਵਿਰੁੱਧ ਭਾਸ਼ਣ ਦਿੰਦੇ ਹਨ ਉਹੀ ਨੇਤਾ ਚੋਣਾਂ ਵਿੱਚ ਨਸ਼ਿਆਂ ਨੂੰ ਵੰਡਦੇ ਹਨ। ਚੋਣਾਂ ਸਮੇਂ ਵਿਕਣ ਵਾਲੀ ਜ਼ਹਿਰੀਲੀ ਸ਼ਰਾਬ ਅਤੇ ਹੋਰ ਮਿਲਾਵਟੀ ਨਸ਼ਿਆਂ ਨਾਲ ਕਈ ਵਾਰ ਆਮ ਲੋਕ ਮਾਰੇ ਜਾਂਦੇ ਹਨ। ਸਮਾਜ ਵਿੱਚ ਨਸ਼ਿਆਂ ਦੇ ਦਿਨ ਪ੍ਰਤੀ ਦਿਨ ਵਧਣ ਦੇ ਕਈ ਕਾਰਨ ਹਨ ਜਿਨ੍ਹਾਂ ਵਿੱਚ ਸਰਕਾਰ ਦੀਆਂ ਢਿੱਲਮੱਠ ਦੀਆਂ ਨੀਤੀਆਂ, ਕਨੂੰਨ ਵਿੱਚ ਲਚਕੀਲਾਪਣ, ਨਸ਼ਿਆਂ ਦੇ ਸੋਦਾਗਰਾਂ ਦੀ ਸਰਕਾਰੇ ਦਰਬਾਰੇ ਪਹੁੰਚ, ਲੋਕਾਂ ਵਿੱਚ ਵੱਧ ਰਿਹਾ ਤਣਾਅ ਆਦਿ ਸ਼ਾਮਲ ਹਨ। ਸਮਾਜਿਕ-ਆਰਥਿਕ ਵਿਕਾਸ ਦੇ ਨਾਂ ਤੇ ਨਵੀਆਂ ਸਕੀਮਾਂ ਦਾ ਅਸਰ ਕੁਝ ਥਾਂਵਾਂ ਤੱਕ ਹੀ ਸੀਮਿਤ ਰਹਿ ਜਾਣ ਕਰਕੇ ਪੜ੍ਹਿਆ ਲਿਖਿਆ ਅਤੇ ਅਨਪੜ੍ਹ ਖਾਸ ਕਰਕੇ ਪੇਂਡੂ ਨੌਜਵਾਨ ਆਪਣੀਆਂ ਆਸਾਂ ਦੀ ਪੂਰਤੀ ਨਾ ਹੋ ਸਕਣ ਕਾਰਨ ਨਸ਼ਿਆਂ ਦੀ ਲਪੇਟ ਵਿੱਚ ਆ ਰਿਹਾ ਹੈ। ਗੈਰ ਸਰਕਾਰੀ ਸੰਗਠਨ ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼ ਅਤੇ ਏਮਜ਼ ਦੇ ਮਾਹਿਰਾਂ ਦੁਆਰਾ ਕਰਵਾਏ ਗਏ ਸਰਵੇਖਣ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿਚ ਲੱਗਭੱਗ 2.32 ਲੱਖ ਵਿਅਕਤੀ ਨਸ਼ਿਆਂ ਤੇ ਨਿਰਭਰ ਹਨ। ਇਸਦਾ ਮਤਲਬ ਹੈ ਕਿ ਬਾਲਗ ਆਬਾਦੀ ਦਾ 1.2% ਨਸ਼ਿਆਂ ਦੀ ਆਦੀ ਹੈ। ਪੰਜਾਬ ਦੀ ਆਬਾਦੀ ਦਾ ਸਭ ਤੋਂ ਵੱਧ ਪ੍ਰਤੀਸ਼ਤ ਨਸ਼ਿਆਂ ਦੀ ਵਰਤੋਂ ਕਰ ਰਿਹਾ ਹੈ। ਜ਼ਿਆਦਾਤਰ ਨਸ਼ਿਆਂ ਦੀਆਂ ਸ਼੍ਰੇਣੀਆਂ ਲਈ ਪੰਜਾਬ ਵਿੱਚ ਇਸਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਪ੍ਰਤੀਸ਼ਤਤਾ ਰਾਸ਼ਟਰੀ ਔਸਤ ਨਾਲੋਂ ਬਹੁਤ ਜ਼ਿਆਦਾ ਹੈ। ਪੰਜਾਬ ਵਿੱਚ ਸ਼ਰਾਬ ਦੀ ਵਰਤੋਂ 28.5% ਹੈ ਜਦੋਂ ਕਿ ਰਾਸ਼ਟਰੀ ਔਸਤ 14.6% ਹੈ, ਭੰਗ ਦੀ ਵਰਤੋਂ ਪੰਜਾਬ ਵਿੱਚ 12.5% ਅਤੇ ਰਾਸ਼ਟਰੀ ਔਸਤ 2.8% ਹੈ। ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨਜ਼ ਚੰਡੀਗੜ੍ਹ ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਦੇ ਸਰਹੱਦੀ ਜਿਲ੍ਹਿਆਂ ਵਿੱਚ ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਵਿੱਚ ਲੱਗਭੱਗ 35 ਫਿਸਦੀ 15 ਤੋਂ 25 ਸਾਲ ਦੇ ਨੌਜਵਾਨ ਸਾਮਿਲ ਹਨ। ਇੱਕ ਗੈਰ ਸਰਕਾਰੀ ਸੰਗਠਨ ਵਲੋਂ ਸਿਹਤ ਵਿਭਾਗ ਪੰਜਾਬ ਅਤੇ ਸਮਾਜਿਕ ਨਿਆਏ ਮੰਤਰਾਲਿਆ ਲਈ ਨਸ਼ਿਆਂ ਦੀ ਵਰਤੋਂ ਸਬੰਧੀ ਪੰਜਾਬ ਦੇ ਲੱਗਭੱਗ 10 ਜਿਲਿਆਂ ਬਠਿੰਡਾ, ਫਿਰੋਜਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਪਟਿਆਲਾ, ਸੰਗਰੂਰ, ਤਰਨਤਾਰਨ ਆਦਿ ਵਿੱਚ ਸਰਵੇਖਣ ਕੀਤਾ ਗਿਆ ਜਿਸ ਵਿੱਚ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਸਮਾਜਿਕ ਸੁਰਖਿਆ ਵਿਭਾਗ ਪੰਜਾਬ ਵਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਿਤੇ ਗਏ ਐਫੀਡੈਵਿਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 16 ਫਿਸਦੀ ਲੋਕ ਗੰਭੀਰ ਨਸ਼ਿਆਂ ਦੇ ਆਦੀ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਵਲੋਂ ਐਚ ਆਈ ਵੀ/ਏਡਜ਼ ਕੰਟਰੋਲ ਲਈ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮ ਵਿੱਚ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਬਾਕੀ ਨਸ਼ਿਆਂ ਦੇ ਨਾਲ ਨਾਲ ਪੰਜਾਬ ਵਿੱਚ ਟੀਕਿਆਂ ਦੁਆਰਾ ਨਸ਼ਾ ਕਰਨ ਦੇ ਰੁਝਾਨ ਵਿੱਚ ਵੀ ਵਾਧਾ ਹੋਇਆ ਹੈ ਜੋਕਿ ਐਚ ਆਈ ਵੀ/ਏਡਜ਼ ਫੈਲਣ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਪੀਜੀਆਈ ਦੀ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਪੰਜਾਬ ਵਿੱਚ ਇਸ ਸਮੇਂ 3 ਮਿਲੀਅਨ ਤੋਂ ਵੱਧ ਲੋਕ ਕਿਸੇ ਨਾ ਕਿਸੇ ਕਿਸਮ ਦੇ ਨਸ਼ੇ ਦਾ ਸੇਵਨ ਕਰ ਰਹੇ ਹਨ। ਪਿਛਲੇ ਕੁੱਝ ਦਹਾਕਿਆਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੇ ਪਿਆਕੜਾਂ ਦੀ ਗਿਣਤੀ ਵਿੱਚ ਹੀ ਅਥਾਹ ਵਾਧਾ ਹੋਇਆ ਹੈ। ਪੰਜਾਬ ਵਿੱਚ ਜਹਿਰੀਲੀ ਸ਼ਰਾਬ ਅਤੇ ਮਿਲਾਵਟੀ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲਦੀਆਂ ਹਨ। ਪੁਲਿਸ ਵਲੋਂ ਆਏ ਦਿਨ ਨਸ਼ਿਆਂ ਸਬੰਧੀ ਦਰਜ਼ ਕੀਤੇ ਜਾਂਦੇ ਮਾਮਲੇ ਇਹ ਸਾਬਤ ਕਰਦੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦੀ ਹੋ ਰਹੀ ਸਪਲਾਈ ਤੇ ਵਰਤੋਂ ਖਤਰਨਾਕ ਪੱਧਰ ਤੇ ਪਹੁੰਚ ਚੁੱਕੀ ਹੈ। ਸੰਸਦ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਪੰਜਾਬ ਵਿੱਚ 6.6 ਮਿਲੀਅਨ ਤੋਂ ਵੱਧ ਨਸ਼ਾ ਕਰਨ ਵਾਲਿਆਂ ਵਿੱਚੋਂ 697000 ਬੱਚੇ 10-17 ਸਾਲ ਦੀ ਉਮਰ ਦੇ ਹਨ। ਸਿਰਫ਼ ਮਰਦ ਹੀ ਨਹੀਂ ਸਗੋਂ ਨੌਜਵਾਨ ਔਰਤਾਂ ਵੀ ਨਸ਼ਾ ਤਸਕਰਾਂ ਦਾ ਨਿਸ਼ਾਨਾ ਹਨ। ਅੰਕੜੇ ਦੱਸਦੇ ਹਨ ਕਿ ਭਾਰਤ ਵਿੱਚ ਕੁੱਲ ਮਹਿਲਾ ਨਸ਼ਾ ਕਰਨ ਵਾਲੀਆਂ ਵਿੱਚੋਂ 16 ਪ੍ਰਤੀਸ਼ਤ ਪੰਜਾਬ ਤੋਂ ਹੀ ਹਨ। 2020 ਵਿੱਚ ਭਾਰਤ ਵਿੱਚ ਜ਼ਬਤ ਕੀਤੇ ਗਏ ਸਾਰੇ ਨਸ਼ਿਆਂ ਵਿੱਚੋਂ 75 ਪ੍ਰਤੀਸ਼ਤ ਪੰਜਾਬ ਵਿੱਚ ਹੀ ਸਨ। ਜਦੋਂ ਨਸ਼ੀਲੇ ਪਦਾਰਥਾਂ ਨਾਲ ਹੋਣ ਵਾਲੀਆਂ ਮੌਤਾਂ ਦੀ ਗੱਲ ਆਉਂਦੀ ਹੈ ਤਾਂ 2022 ਵਿੱਚ ਪੰਜਾਬ ਦਾ ਹਿੱਸਾ 21 ਪ੍ਰਤੀਸ਼ਤ ਸੀ। ਇਹਨਾਂ ਵਿੱਚੋਂ ਜ਼ਿਆਦਾਤਰ 18-30 ਸਾਲ ਦੀ ਉਮਰ ਦੇ ਵਿਅਕਤੀ ਸਨ। ਪੰਜਾਬ ਦੇ ਨਸ਼ੀਲੇ ਪਦਾਰਥਾਂ ਦੇ ਖਤਰੇ ਬਾਰੇ ਕਈ ਅਧਿਐਨ ਦਰਸਾਉਂਦੇ ਹਨ ਕਿ ਹਰੀ ਕ੍ਰਾਂਤੀ ਦੀ ਸਫਲਤਾ ਤੋਂ ਪ੍ਰਾਪਤ ਅਮੀਰੀ ਨੇ ਲੋਕਾਂ ਨੂੰ ਨਸ਼ੀਲੇ ਪਦਾਰਥਾਂ ਲਈ ਆਸਾਨੀ ਨਾਲ ਪੈਸਾ ਪ੍ਰਦਾਨ ਕੀਤਾ। ਡਰੱਗ ਮਾਫੀਆ ਅਤੇ ਪੁਲਿਸ ਗੱਠਜੋੜ ਨੂੰ ਨੱਥ ਪਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੱਗਭੱਗ 10000 ਪੁਲਿਸ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਤਬਦੀਲ ਕਰ ਦਿੱਤਾ। ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ''ਯੁੱਧ ਨਸ਼ਿਆਂ ਵਿਰੁੱਧ'' ਨੇ ਸੂਬੇ ਵਿੱਚ ਨਸ਼ਿਆਂ ਦੀ ਤਸਕਰੀ ਕਰਨ ਵਾਲੇ ਨੈੱਟਵਰਕਾਂ ਨੂੰ ਵੱਡਾ ਝਟਕਾ ਦਿੱਤਾ ਹੈ। ਪੰਜਾਬ ਪੁਲਿਸ ਨੇ 31 ਮਈ ਤੱਕ ਲੱਗਭੱਗ 8344 ਐਫ ਆਈ ਆਰ ਦਰਜ ਕੀਤੀਆਂ ਹਨ ਅਤੇ 14734 ਨਸ਼ਿਆਂ ਦੇ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਵਿੱਚ 13038 ਨਸ਼ੇ ਦੇ ਤਸਕਰ ਅਤੇ 1696 ਸੂਚੀਬੱਧ ਨਸ਼ੇ ਦੇ ਸਪਲਾਇਰ/ਵਿਤਰਕ ਸ਼ਾਮਲ ਹਨ। ਇਸ ਮੁਹਿੰਮ ਦੌਰਾਨ ਨਸ਼ਿਆਂ ਦੀ ਵੱਡੀ ਬਰਾਮਦਗੀ ਹੋਈ ਹੈ ਜਿਸ ਵਿੱਚ 586 ਕਿਲੋਗ੍ਰਾਮ ਹੈਰੋਇਨ, ਬਾਕੀ ਅਗਲੇ ਸਫੇ ਤੇ

# *ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਹਰ ਵਰਗ ਨੂੰ ਅੱਗੇ ਆਉਣਾ ਪਵੇਗਾ*

## ਨਸ਼ਿਆਂ ਨਾਲ ਮਰਨ ਵਾਲਿਆਂ ਦੀ ਗਿਣਤੀ ਅਸਲ ਵਿੱਚ ਇਸ ਤੋਂ ਦੂਣੀ ਜਾਂ ਤੀਣੀ ਹੋ ਸਕਦੀ ਹੈ, ਕਿਉਂਕਿ ਕਈ ਮੌਤਾਂ ਜਾਂ ਤਾਂ ਦਰਜ ਨਹੀਂ ਹੁੰਦੀਆਂ

“Equality and justice”
Patiala 25 June
INTERNATIONAL PAPER, 94636 01616
hardipchumber57@gmail.com

ਪੰਜਾਬ, ਜੋ ਰਿਸ਼ੀਆਂ ਅਤੇ ਗੁਰੂਆਂ ਦੀ ਧਰਤੀ ਮੰਨੀ ਜਾਂਦੀ ਹੈ। ਜਿਸ ਧਰਤੀ ਦੇ ਚੱਪੇ ਚੱਪੇ ਤੇ ਸਾਡੇ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਹੈ ,ਉਹ ਪੰਜਾਬ ਜੋ ਭਾਰਤ ਦੀ ਖੜਗ ਭੁਜਾ ਕਹੀ ਜਾਂਦੀ ਹੈ, ਉਹ ਖੜਕ ਭੁਜਾ ਅੱਜ ਸਾਰੀ ਦੀ ਸਾਰੀ ਚਿੱਟੇ ਦੇ ਟੀਕਿਆਂ ਨਾਲ ਥਾਂ-ਥਾਂ ਤੋਂ ਬਿੰਨੀ ਪਈ ਹੈ, ਅਜੋਕਾ ਪੰਜਾਬ ਅੱਜ ਇੱਕ ਅਜਿਹੀ ਸਮੱਸਿਆ ਨਾਲ ਜੂਝ ਰਿਹਾ ਹੈ ਜਿਸ ਨੇ ਸਿਰਫ਼ ਇਸ ਸੂਬੇ ਦੀ ਜਵਾਨੀ ਨੂੰ ਹੀ ਨਹੀਂ, ਸਗੋਂ ਇਸ ਦੀ ਆਤਮਾ ਨੂੰ ਵੀ ਝੰਝੋੜ ਕੇ ਰੱਖ ਦਿੱਤਾ ਹੈ। ਇਹ ਉਹੀ ਪੰਜਾਬ ਹੈ ਜਿੱਥੇ ਬੇਦ ਰਚੇ ਗਏ, ਜਿੱਥੇ ਬਾਬਾ ਨਾਨਕ ਦੇ ਪਵਿੱਤਰ ਚਰਨਾਂ ਦੀ ਛੋਹ ਮਿਲੀ, ਜਿੱਥੋਂ ਦੇ ਸੂਰਮੇ ਭਾਰਤੀ ਫੌਜ ਦੀ ਰੀੜ ਦੀ ਹੱਡੀ ਮੰਨੇ ਜਾਂਦੇ ਹਨ। ਪਰ ਅੱਜ ਇਹੀ ਪੰਜਾਬ ਨਸ਼ਿਆਂ ਦੀ ਦਲਦਲ ਵਿੱਚ ਡੁੱਬ ਰਿਹਾ ਹੈ।

ਉਹ ਪੰਜਾਬ, ਜੋ ਮਿਲਖਾ ਸਿੰਘ ਵਰਗੇ ਮਹਾਨ ਤੇਜ਼ ਤਰਾਰ ਦੜਾਕਾ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ, ਅੱਜ “ਉੱਡਦਾ ਪੰਜਾਬ” ਵਰਗੀਆਂ ਨਾਕਾਰਾਤਮਕ ਪਛਾਣਾਂ ਨਾਲ ਜੋੜਿਆ ਜਾ ਰਿਹਾ ਹੈ। ਪੰਜਾਬ ਦੀ ਜਵਾਨੀ ਜੋ ਕਦੇ ਬੈਰੀਆਂ ਦੇ ਪਰਖੰਜੇ ਉੜਾ ਦਿੰਦੀ ਸੀ , ਪੰਜਾਬ ਦੇ ਉਹ ਜਵਾਨ ਜਿਹੜੇ ਮੁਗਲਾਂ ਦੇ ਛੇ ਛੇ ਫੁੱਟੇ ਨੇਜੇ ਤੇ ਬਰਛਿਆਂ ਦਾ ਮੂੰਹ ਤੋੜ ਜਵਾਬ ਦਿੰਦੇ ਸਨ ਅਤੇ ਭਾਰਤ ਲਈ ਹਮੇਸ਼ਾ ਢਾਲ ਬਣ ਕੇ ਖੜੇ ਰਹੇ,ਅੱਜ ਚਾਰ ਇੰਚ ਦੀ ਸਰਿੰਜ ਦੇ ਸਾਹਮਣੇ ਗੋਡੇ ਟੇਕ ਗਏ। ਪਿੰਡ ਪਿੰਡ, ਘਰ ਘਰ ਵਿੱਚ ਨਸ਼ਿਆਂ ਨੇ ਘੁਸਪੈਠ ਕਰ ਲਈ ਹੈ ਅਤੇ ਚਿੱਟੇ ਨੇ ਲਗਾਤਾਰ ਨੌਜਵਾਨਾਂ ਦੇ ਸਰੀਰਾਂ ਤੇ ਚਿੱਟੇ ਕੱਫਣ ਤੇ ਉਹਨਾਂ ਦੀਆਂ ਵਿਧਵਾਵਾਂ ਦੇ ਸਿਰਾਂ ਤੇ ਚਿੱਟੀਆਂ ਚੁੰਨੀਆਂ ਵਿੱਚ ਵਾਧਾ ਕਰ ਦਿੱਤਾ ਹੈ

ਸਰਕਾਰੀ ਅੰਕੜਿਆਂ ਅਨੁਸਾਰ ਅਪ੍ਰੈਲ 2024 ਤੋਂ ਲੈ ਕੇ ਅਪ੍ਰੈਲ 2025 ਤੱਕ 782 ਮੌਤਾਂ ਨਸ਼ਿਆਂ ਨਾਲ ਹੋਈਆਂ ਹਨ। ਪਰ ਮਾਹਰਾਂ ਦਾ ਮੰਨਣਾ ਹੈ ਕਿ ਇਹ ਗਿਣਤੀ ਅਸਲ ਵਿੱਚ ਇਸ ਤੋਂ ਦੂਣੀ ਜਾਂ ਤੀਣੀ ਹੋ ਸਕਦੀ ਹੈ, ਕਿਉਂਕਿ ਕਈ ਮੌਤਾਂ ਜਾਂ ਤਾਂ ਦਰਜ ਨਹੀਂ ਹੁੰਦੀਆਂ ਜਾਂ ਪਰਿਵਾਰਕ ਇੱਜ਼ਤ ਕਾਰਨ ਛੁਪਾਈ ਜਾਂਦੀਆਂ ਹਨ।

ਮਾਰਚ 2025 ਵਿੱਚ “ਨਸ਼ਿਆਂ ਦੇ ਖ਼ਿਲਾਫ਼ ਯੁੱਧ” ਦੇ ਤਹਿਤ ਪੰਜਾਬ ਪੁਲਿਸ ਨੇ 580 ਥਾਵਾਂ ‘ਤੇ ਛਾਪੇ ਮਾਰੇ ਅਤੇ 789 ਨਸ਼ਾ ਤਸਕਰਾਂ ਨੂੰ ਗਿਰਫਤਾਰ ਕੀਤਾ। 170 ਕਿਲੋ ਗ੍ਰਾਮ ਤੋਂ ਵੱਧ ਨਸ਼ੀਲੀਆਂ ਚੀਜ਼ਾਂ ਜਿਵੇਂ ਕਿ ਹੈਰੋਇਨ, ਅਫੀਮ, ਫੈਂਟਨਲ ਆਦਿ ਜ਼ਬਤ ਕੀਤੀਆਂ ਗਈਆਂ। ਆਮ ਲੋਕਾਂ ਨੂੰ ਲੱਗਦਾ ਹੈ ਕਿ ਨਸ਼ਾ ਖਤਮ ਕਰਨਾ ਕੇਵਲ ਸਰਕਾਰਾਂ ਦੀ ਹੀ ਜਿੰਮੇਵਾਰੀ ਹੈ ਭਾਵੇਂ ਸਰਕਾਰਾਂ ਆਪਣਾ ਕੰਮ ਕਰ ਰਹੀਆਂ ਹਨ ਪਰ ਇਸ ਦੇ ਨਾਲ ਨਾਲ ਪੂਰੇ ਸਮਾਜ ਨੂੰ ਅੱਗੇ ਆ ਕੇ ਇਸ ਕਾਰਜ ਵਿੱਚ ਆਪਣਾ ਯੋਗਦਾਨ ਪਾਉਣਾ ਪਵੇਗਾ ਸਰਕਾਰੀ ਸੰਸਥਾਵਾਂ ਦੇ ਨਾਲ ਨਾਲ ਗੈਰ ਸਰਕਾਰੀ ਸੰਸਥਾਵਾਂ ਨੂੰ ਵੀ ਇਸ ਦੇਸ਼ ਹਿੱਤ ਦੇ ਕੰਮ ਲਈ ਬੀੜਾ ਚੁੱਕਣਾ ਚਾਹੀਦਾ ਹੈ ਕੁਝ ਸਮਾਜਿਕ ਸੰਸਥਾਵਾਂ ਅੱਜ ਇਸ ਕਾਰਜ ਦੇ ਲਈ ਬਹੁਤ ਬਹੁਤ ਚੜ ਕੇ ਯੋਗਦਾਨ ਪਾ ਰਹੀਆਂ ਹਨ

ਇਸ ਸੰਕਟ ਵਿੱਚ ਗੈਰ-ਸਰਕਾਰੀ ਸੰਸਥਾਵਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। “ਨਸ਼ਾ ਮੁਕਤ ਚੇਤਨਾ ਸੰਘ”, ਜੋ ਸ ਜਸਵੀਰ ਸਿੰਘ ਦੀ ਸਰਪ੍ਰਸਤੀ ਅਤੇ ਪ੍ਰਾਂਤ ਸੰਯੋਜਕ ਮਦਨਜੀਤ ਸਿੰਘ ਦੀ ਅਗਵਾਈ ਵਿੱਚ ਕੰਮ ਕਰ ਰਹੀ ਹੈ, ਉਹ ਪੂਰੇ ਪੰਜਾਬ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਜੋ ਨੌਜਵਾਨ ਹਜੇ ਤੱਕ ਨਸ਼ਿਆਂ ਤੋਂ ਬਚੇ ਹੋਏ ਹਨ, ਉਹਨਾਂ ਨੂੰ ਕਦੇ ਵੀ ਇਸ ਅੱਗ ਵਿੱਚ ਨਾ ਸੜਣ ਦਿੱਤਾ ਜਾਵੇ। ਇਸ ਲਈ ਲਗਾਤਾਰ ਯਤਨਸ਼ੀਲ ਹੈ ਸ਼ਹਿਰ ਸ਼ਹਿਰ ਪਿੰਡ ਪਿੰਡ ਗਲੀ ਗਲੀ ਘਰ ਘਰ ਜਾ ਕੇ ਨਸ਼ਿਆਂ ਤੋਂ ਦੂਰ ਰਹਿਣ ਦਾ ਹੋਕਾ ਦੇ ਰਹੀ ਹੈ ਨਸ਼ਾ ਮੁਕਤ ਚੇਤਨਾ ਸੰਘ ਦੀ ਪੂਰੀ ਦੀ ਪੂਰੀ ਟੀਮ ਵੱਲੋਂ ਕੀਤੇ ਜਾ ਰਹੇ ਕਾਰਜ ਬਹੁਤ ਹੀ ਸਲਾਗਾ ਯੋਗ ਆਖੇ ਜਾ ਸਕਦੇ ਹਨ, ਇਸ ਸੰਸਥਾ ਵੱਲੋਂ ਸਕੂਲਾਂ ਕਾਲਜਾਂ ਤੋਂ ਇਲਾਵਾ ਸਰਕਾਰੀ ਗੈਰ ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਨਸ਼ਾ ਮੁਕਤੀ ਲਈ ਕਾਰਜ ਕੀਤਾ ਜਾ ਰਿਹਾ ਹੈ*, ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਗੈਰ ਰਾਜਨੀਤਿਕ ਸੰਸਥਾਵਾਂ ਧਾਰਮਿਕ ਸੰਸਥਾਵਾਂ ਵੀ ਨਸ਼ਾ ਮੁਕਤੀ ਲਈ ਸੰਘਰਸ਼ ਕਰ ਰਹੀਆਂ ਹਨ ਪ੍ਰੰਤੂ ਇਹ ਸੰਘਰਸ਼ ਇਨਾ ਸੌਖਾ ਨਹੀਂ ਕਿਉਂਕਿ ਨਸ਼ਾ ਕਰਨ ਵਾਲਿਆਂ ਨਾਲੋਂ ਨਸ਼ਾ ਵੇਚਣ ਵਾਲਿਆਂ ਤੇ ਸੰਗਠਨ ਬਹੁਤ ਹੀ ਮਜਬੂਤ ਤੇਜ ਤਰਾਰ ਅਤੇ ਖੂੰਖਾਰ ਮਾਨਸਿਕਤਾ ਦੇ ਲੋਕ ਹਨ ਉਹ ਆਪਣੇ ਰਾਹ ਵਿੱਚ ਆਉਣ ਵਾਲੀਆਂ ਸੰਸਥਾਵਾਂ ਨੂੰ ਹਰ ਸਮੇਂ ਕੁਚਲਣ ਵਿੱਚ ਯਤਨਸ਼ੀਲ ਰਹਿੰਦੇ ਹਨ

ਨਸ਼ਾ ਵੇਚਣ ਵਾਲੀਆਂ ਸੰਸਥਾਵਾਂ ਨੇ ਇਕੱਲੇ ਨੌਜਵਾਨ ਹੀ ਆਪਣੇ ਮਗਰ ਨਹੀਂ ਲਾਏ

ਬਲਕਿ ਸਾਡੀ ਮਾਤਰ ਸ਼ਕਤੀ ਸਾਡੀਆਂ ਭੈਣਾਂ ਤੇ ਸਾਡੀਆਂ ਬੱਚੀਆਂ ਵੀ ਇਸ ਲਪੇਟ ਵਿੱਚ ਲਗਾਤਾਰ ਆ ਰਹੀਆਂ ਹਨ ਜੇਕਰ ਅਸੀਂ ਔਰਤਾਂ ਦੇ ਅੰਕੜੇ ਦੇਖੀਏ ਉਹ ਵੀ ਬਹੁਤ ਸ਼ਰਮਨਾਕ ਅਤੇ ਚਿੰਤਾਜਨਕ ਸਥਿਤੀ ਵਿੱਚ ਪਹੁੰਚ ਰਹੇ ਹਨ,2025 ਵਿੱਚ 407 ਮਹਿਲਾਵਾਂ ਨੂੰ ਨਸ਼ਾ ਤਸਕਰੀ ਵਿੱਚ ਸ਼ਾਮਲ ਹੋਣ ਕਾਰਨ ਗ੍ਰਿਫ਼ਤਾਰ ਕੀਤਾ ਗਿਆ। ਇਹਨਾਂ ਵਿੱਚੋਂ ਕਈ ਮਹਿਲਾਵਾਂ ਗਰੀਬ ਪਰਿਵਾਰਾਂ ਨਾਲ ਸਬੰਧਤ ਸਨ, ਜੋ ਜਾਂ ਤਾਂ ਲਾਚਾਰੀ ਜਾਂ ਪਰਿਵਾਰਕ ਦਬਾਅ ਵਿਚ ਆ ਕੇ ਨਸ਼ਾ ਵਪਾਰ ਵਿੱਚ ਧੱਕੀਆਂ ਗਈਆਂ।

ਜਿਹੜੇ ਨੌਜਵਾਨ ਨਸ਼ੇ ਵਿੱਚ ਲਗਾਤਾਰ ਧਸੇ ਹੋਏ ਹਨ ਉਹਨਾਂ ਨੂੰ ਬਾਹਰ ਕੱਢਣ ਲਈ ਉਹਨਾਂ ਦਾ ਪੁਨਰ ਵਾਸ ਕਰਨ ਲਈ ਉਹਨਾਂ ਦੇ ਇਲਾਜ ਲਈ ਵੀ ਸਾਡੇ ਕੋਲ ਲੋੜੀਦੇ ਸਾਧਨ ਹਜੇ ਘੱਟ ਹਨ ਭਾਵੇਂ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਇਸ ਪ੍ਰਤੀ ਪੂਰੀ ਤਰਹਾਂ ਚਿੰਤਿਤ ਹੈ ,ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ ਹਾਲੇ ਤਕ 623 ਇਲਾਜ ਸਥਾਨ ਹਨ , ਜਿੱਥੇ ਸੂਬਾ ਸਰਕਾਰ ਇਸ ਲਈ ਪੁਰਾਤਨ ਕਰ ਰਹੀ ਹੈ ਉਥੇ ਹੀ ਕੇਂਦਰ ਸਰਕਾਰ ਵੱਲੋਂ ਪੰਜਾਬ ਵਿੱਚ ਜਲਦੀ ਹੀ ਹੋਰ ਵਧੇਰੇ ਨਸ਼ਾ ਮੁਕਤੀ ਕੇਂਦਰ ਖੋਲਣ ਦੀ ਸਕੀਮ ਵਿਚਾਰ ਅਧੀਨ ਹੈ ਕੇਂਦਰ ਸਰਕਾਰ ਵੱਲੋਂ ਗੈਰ ਸਰਕਾਰੀ ਸੰਸਥਾਵਾਂ ਦੀ ਸਹਾਇਤਾ ਨਾਲ ਪੰਜਾਬ ਵਿੱਚੋਂ ਨਸ਼ਾ ਮੁਕਤੀ ਲਈ ਹੋਰ ਵਧੇਰੇ ਨਸ਼ਾ ਮੁਕਤੀ ਕੇਂਦਰ ਖੋਲਣ ਪ੍ਰਤੀ ਵਿਚਾਰ ਕੀਤਾ ਜਾ ਰਿਹਾ ਹੈ, ਜਿੰਨੇ ਸੈਂਟਰ ਪੰਜਾਬ ਵਿੱਚ ਚੱਲ ਰਹੇ ਹਨ ਜਾਂ ਜਿੰਨੇ ਹੋਰ ਖੋਲਣ ਦੀ ਸੰਭਾਵਨਾ ਹੈ,ਇਹ ਮਾਤਰਾ ਲਗਾਤਾਰ ਨਸ਼ਿਆਂ ਵਿੱਚ ਹੋ ਰਹੇ ਵਾਧੇ ਨੂੰ ਵੇਖਦੇ ਹੋਏ ਬਹੁਤ ਘੱਟ ਜਾਪਦੀ ਹੈ । ਇਲਾਜ ਉਪਰੰਤ ਪੁਨਰਵਾਸ ਦਰ ਕੇਵਲ 64% ਹੈ, ਜਿਸਦਾ ਅਰਥ ਇਹ ਹੈ ਕਿ ਬਹੁਤੇ ਮਰੀਜ਼ ਮੁੜ ਨਸ਼ੇ ਵਿੱਚ ਫਸ ਜਾਂਦੇ ਹਨ। ਨਸ਼ੇ ਵਿੱਚੋਂ ਨਿਕਲੇ ਨੌਜਵਾਨਾਂ ਦੇ ਪੁਨਰਵਾਸ ਸਬੰਧੀ ਵੀ ਬਹੁਤ ਵਿਚਾਰਨ ਯੋਗ ਅਤੇ ਗੰਭੀਰ ਮਸਲੇ ਤੇ ਸਮਾਜ ਅਤੇ ਸਰਕਾਰਾਂ ਨੂੰ ਇੱਕ ਜੁਟ ਹੋ ਕੇ ਬਹੁਤ ਸਾਰੀਆਂ ਨਵੀਆਂ ਯੋਜਨਾਵਾਂ ਉਲੀਕਣ ਦੀ ਲੋੜ ਹੈ ਤਾਂ ਕਿ ਇੱਕ ਵਾਰ ਨਸ਼ੇ ਚੋਂ ਨਿਕਲਿਆ ਨੌਜਵਾਨ ਮੁੜ ਫਿਰ ਉਸ ਦਲਦਲ ਵਿੱਚ ਨਾ ਧਸ ਜਾਵੇ।



*ਡਾ ਅਵਿਨਾਸ਼ ਰਾਣਾ*
ਪ੍ਰੋਜੈਕਟ ਡਾਇਰੈਕਟਰ
ਐਚਆਈਵੀ ਏਡਸ ਟੀ ਆਈ

ਨਸ਼ਿਆਂ ਕਾਰਨ ਪੰਜਾਬ ਦੀ ਆਰਥਿਕਤਾ ‘ਤੇ ਵੀ ਵੱਡਾ ਅਸਰ ਪੈ ਰਿਹਾ ਹੈ। ਸਿਹਤ ਖ਼ਰਚ, ਉਤਪਾਦਨਸ਼ੀਲਤਾ ਦੀ ਘਾਟ ਅਤੇ ਕਾਨੂੰਨੀ ਕਾਰਵਾਈਆਂ ਦੇ ਭਾਰੀ ਖ਼ਰਚਾਂ ਕਰਕੇ ਹਰ ਸਾਲ ਪੰਜਾਬ ਨੂੰ ਲਗਭਗ ₹8,700 ਕਰੋੜ ਦਾ ਨੁਕਸਾਨ ਹੋ ਰਿਹਾ ਹੈ।

ਨਸ਼ੇ ਦੀ ਸਮੱਸਿਆ ਪੰਜਾਬ ਲਈ ਸਿਰਫ਼ ਇੱਕ ਸਿਹਤਕ ਸੰਕਟ ਨਹੀਂ, ਸਗੋਂ ਇੱਕ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਚੁਣੌਤੀ ਬਣ ਚੁੱਕੀ ਹੈ। ਇਹ ਲੜਾਈ ਸਿਰਫ਼ ਪੁਲਿਸ ਜਾਂ ਸਰਕਾਰ ਦੀ ਨਹੀਂ, ਸਗੋਂ ਸਾਡੇ ਸਭ ਦੇ ਸਾਂਝੇ ਉੱਦਮ ਦੀ ਲੋੜ ਹੈ। ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਿੱਖਿਆ, ਰੁਜ਼ਗਾਰ, ਮਨੋਰੰਜਨ, ਖੇਡਾਂ , ਧਾਰਮਿਕ ਪ੍ਰਵਿਰਤੀਆਂ ਅਤੇ ਜਾਗਰੂਕਤਾ ਨਾਲ ਜੋੜਣਾ ਬਹੁਤ ਜ਼ਰੂਰੀ ਹੈ।

ਅਸਲ ਬਦਲਾਅ ਤਾਂ ਉਸ ਸਮੇਂ ਹਰ ਵਰਗ ਇਹ ਤਹਈਆ ਕਰੇਗਾ ਕੀ

ਮੇਰਾ ਪੰਜਾਬ ਨਸ਼ਾ ਮੁਕਤ ਹੋਵੇ”।

( ਪਿੱਛਲੇ ਸਫੇ ਦਾ ਬਾਕੀ ਭਾਗ)

## ਨਸ਼ਿਆਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ

247 ਕਿਲੋਗ੍ਰਾਮ ਅਫੀਮ, 14 ਟਨ ਭੁੱਕੀ, 9 ਕਿਲੋਗ੍ਰਾਮ ਚਰਸ, 253 ਕਿਲੋਗ੍ਰਾਮ ਗਾਂਜਾ, 2.5 ਕਿਲੋਗ੍ਰਾਮ ਆਈਸ, 1.6 ਕਿਲੋਗ੍ਰਾਮ ਕੋਕੀਨ, 25.70 ਲੱਖ ਨਸ਼ੀਲੀਆਂ ਗੋਲੀਆਂ ਅਤੇ 10.76 ਕਰੋੜ ਰੁਪਏ ਦੀ ਡਰੱਗ ਮਨੀ ਸ਼ਾਮਲ ਹੈ। ਇਸ ਮੁਹਿੰਮ ਦੌਰਾਨ 144 ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਤੌਰ ਤੇ ਬਣਾਈਆਂ 74.27 ਕਰੋੜ ਰੁਪਏ ਦੀਆਂ ਜਾਇਦਾਦਾਂ ਨੂੰ ਜ਼ਬਤ ਕਰ ਲਿਆ ਗਿਆ ਹੈ ਅਤੇ ਨਸ਼ਾ ਤਸਕਰਾਂ ਦੀਆਂ 104 ਗੈਰ-ਕਾਨੂੰਨੀ ਤੌਰ ਤੇ ਬਣਾਈਆਂ ਗਈਆਂ ਜਾਇਦਾਦਾਂ ਨੂੰ ਢਾਹ ਦਿੱਤਾ ਗਿਆ ਹੈ। ਇਸ ਸਮੇਂ ਦੌਰਾਨ ਫੈਸਲਾ ਕੀਤੇ ਗਏ 1205 ਮਾਮਲਿਆਂ ਵਿੱਚੋਂ 1085 ਮਾਮਲਿਆਂ ਵਿੱਚ 90% ਦੀ ਸਜ਼ਾ ਦਰ ਨਾਲ ਦੋਸ਼ੀ ਠਹਿਰਾਇਆ ਗਿਆ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਸ ਦੌਰਾਨ 5786 ਨਸ਼ਾ ਕਰਨ ਵਾਲਿਆਂ ਨੂੰ ਇਲਾਜ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਜਾਇਆ ਗਿਆ ਹੈ ਜਦੋਂ ਕਿ 6483 ਨਸ਼ਾ ਕਰਨ ਵਾਲਿਆਂ ਨੂੰ ਪੁਲਿਸ ਨੇ ਓਟ ਕੇਂਦਰਾਂ ਤੋਂ ਇਲਾਜ ਕਰਵਾਉਣ ਲਈ ਤਿਆਰ ਕੀਤਾ ਹੈ। ਸਰਕਾਰ ਵਲੋਂ ਇਸ ਸਮÇੱਸਆ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਪਰੰਤੂ ਨਸ਼ਿਆਂ ਦੇ ਕਾਰੋਬਾਰ ਵਿੱਚ ਕੋਈ ਖਾਸ ਕਮੀ ਨਜ਼ਰ ਨਹੀਂ ਆ ਰਹੀ ਹੈ। ਸਰਕਾਰ ਵਲੋਂ ਇਸ ਸਬੰਧੀ ਕੀਤੀ ਜਾ ਰਹੀ ਸੱਖਤੀ ਅਤੇ ਕਾਨੂੰਨੀ ਕਾਰਵਾਈ ਦਾ ਵੀ ਜਿਆਦਾ ਅਸਰ ਵੇਖਣ ਨੂੰ ਨਹੀਂ ਮਿਲ਼ ਰਿਹਾ ਹੈ ਕਿਉਂਕਿ ਕਈ ਵਿਅਕਤੀ ਰਾਜਨੀਤੀਵਾਨਾਂ ਅਤੇ ਅਧਿਕਾਰੀਆਂ ਦੀ ਮਿਲੀਭੁੱਗਤ ਨਾਲ ਬਿਨਾਂ ਕਿਸੇ ਡਰ ਦੇ ਅਪਣਾ ਧੰਦਾ ਕਰ ਰਹੇ ਹਨ। ਸੰਯੁਕਤ ਰਾਸ਼ਟਰ ਦੇ ਨਸ਼ਿਆਂ ਅਤੇ ਅਪਰਾਧ ਬਾਰੇ ਦਫ਼ਤਰ ਵਲੋਂ ਵਿਸ਼ਵ ਪੱਧਰ ਤੇ ਵਿਸ਼ੇਸ਼ ਸੁਨੇਹਾ ਹੈ ਕਿ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਤੇ ਕਲੰਕ ਅਤੇ ਵਿਤਕਰੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕੀਤਾ ਜਾਵੇ। ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਵਿੱਚ ਏਡਜ਼ ਅਤੇ ਹੈਪੇਟਾਈਟਸ ਮਹਾਂਮਾਰੀ ਬਾਰੇ ਜਾਗਰੂਕਤਾ ਪ੍ਰੋਗਰਾਮਾਂ ਦਾ ਵਿਸਥਾਰ ਕੀਤਾ ਜਾਵੇ, ਉਪਲੱਬਧ ਇਲਾਜਾਂ ਅਤੇ ਸ਼ੁਰੂਆਤੀ ਦਖਲ ਅਤੇ ਸਹਾਇਤਾ ਦੀ ਮਹੱਤਤਾ ਬਾਰੇ ਸਿੱਖਿਅਤ ਕੀਤਾ ਜਾਵੇ। ਆਦਰਯੋਗ ਅਤੇ ਗੈਰ-ਨਿਰਣਾਇਕ ਭਾਸ਼ਾ ਅਤੇ ਰਵੱਈਏ ਨੂੰ ਉਤਸ਼ਾਹਿਤ ਕਰਕੇ ਕਲੰਕ ਅਤੇ ਵਿਤਕਰੇ ਦਾ ਮੁਕਾਬਲਾ ਕੀਤਾ ਜਾਵੇ। ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਤਸਕਰਾਂ ਤੇ ਕਾਰਵਾਈ ਕੀਤੀ ਜਾਵੇ। ਮਾਮੂਲੀ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਲਈ ਸਜ਼ਾ ਅਤੇ ਕੈਦ ਦੀ ਬਜਾਏ ਮੁੜ ਵਸੇਬੇ ਤੇ ਜ਼ੋਰ ਦਿਤਾ ਗਿਆ ਹੈ। ਜੇਕਰ ਸਰਕਾਰ ਅਤੇ ਬੁੱਧੀਜੀਵੀ ਵਰਗ ਨੇ ਅਜੇ ਵੀ ਇਸ ਸਮੱਸਿਆ ਵੱਲ ਧਿਆਨ ਨਾਂ ਦਿਤਾ ਤਾਂ ਆਣ ਵਾਲਾ ਸਮਾਂ ਹੋਰ ਵੀ ਭਿਆਨਕ ਹੋਵੇਗਾ। ਸਰਕਾਰ ਦੇ ਨਾਲ ਨਾਲ ਧਾਰਮਿਕ, ਸਮਾਜਿਕ, ਰਾਜਨੀਤਿਕ ਆਗੂਆਂ ਨੂੰ ਵੀ ਇਸ ਸਮੱਸਿਆ ਤੋਂ ਲੋਕਾਂ ਨੂੰ ਬਚਾਉਣ ਲਈ ਖੁੱਲਕੇ ਅੱਗੇ ਆਣਾ ਪਵੇਗਾ ਤਾਂ ਜੋ ਦੇਸ਼ ਅਤੇ ਸਮਾਜ ਵਿੱਚ ਨਸ਼ਿਆਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਨੂੰ ਖਤਮ ਕਰਕੇ ਇਸ ਦਿਨ ਦਾ ਮੰਤਬ ਪੂਰਾ ਕੀਤਾ ਜਾ ਸਕੇ।

# ਪੁਰਾਣੇ ਪੰਜਾਬ ਦਾ ਦਰਦ

“Equality and justice”
Patiala 25 June
INTERNATIONAL PAPER, 94636 01616
hardipchumber57@gmail.com






ਰਣਜੀਤ ਸਿੰਘ ਹਠੂਰ
9915513137

ਪੰਜਾਬ ਦੇ ਨੌਜਵਾਨੋ ਜ਼ਰਾ ਨਜ਼ਰ ਮਾਰਿਓ ਬਾਬਾ ਨਾਨਕ,ਬਾਬਾ ਫਰੀਦ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਵਾਰਸ ਸ਼ਾਹ ਵਰਗੇ ਮਹਾਂਪੁਰਸ਼ ਭਲਾ ਕਿਹੜੇ ਇਲਾਕੇ ਦੇ ਨੇ,ਕਿੱਥੋਂ ਦੇ ਨੇ? ਕਿਹਨਾਂ ਦੇ ਹਨ ? ਇਹਨਾਂ ਦੇ ਸ਼ਬਦ, ਇਹਨਾਂ ਦੇ ਅਖਾਣ, ਇਹਨਾਂ ਦੇ ਮਾਹਵਰੇ,ਇਹਨਾਂ ਦੀ ਬਾਣੀ,ਇਹਨਾਂ ਦੇ ਸਲੋਕ,ਇਹਨਾਂ ਦੀਆਂ ਰਚਨਾਵਾਂ ਕਿਹੜੀ ਬੋਲੀ ਵਿੱਚ ਹਨ ?

47 ਵਿੱਚ ਆਮ ਪੰਜਾਬੀਆਂ ਦੀਆਂ ਸਮਾਜਿਕ ਧਾਰਮਿਕ,ਸੱਭਿਆਚਾਰਕ ਭਾਵਨਾਵਾਂ ਨੂੰ ਦਰੜ ਕੇ ਮਨੂੰਵਾਦੀ ਲੀਡਰਾਂ ਨੇ ਅੰਗਰੇਜ਼ਾਂ ਨਾਲ਼ ਸਾਂਝ ਭਿਆਲੀ ਕਰਕੇ,ਧਾਰਮਿਕ ਦੰਗੇ ਭੜਕਾ ਕੇ ਭਾਰਤ ਦੇ ਪੰਜ ਦਰਿਆਵਾਂ ਵਾਲ਼ੇ ਪੰਜਾਬੀ ਹਿੱਸੇ ਨੂੰ ਬੁਰੀ ਤਰ੍ਹਾਂ ਵਿਚਾਲਿਓਂ ਵੱਢ ਸੁੱਟਿਆ। ਲੱਖਾਂ ਪੰਜਾਬਣਾਂ ਅਤੇ ਪੰਜਾਬੀਆਂ ਦੇ ਸੁਪਨੇ ਤਬਾਹ ਕਰ ਦਿੱਤੇ ਗਏ। ਸਾਂਝੇ ਪੰਜ ਦਰਿਆ ਵੰਡ ਦਿੱਤੇ ਗਏ। ਲੱਖਾਂ ਪੰਜਾਬੀਆਂ ਨੂੰ ਘਰੋਂ ਬੇਘਰ ਕਰ ਦਿੱਤਾ ਗਿਆ। ਲੱਖਾਂ ਪੰਜਾਬੀ ਔਰਤਾਂ ਦੀ ਇੱਜਤ ਨੀਲਾਮ ਹੋਈ, ਅਣਗਿਣਤ ਲੋਕ ਧਰਮ ਦਾ ਰੌਲਾ ਪਵਾ ਕੇ ਮਰਵਾ ਦਿੱਤੇ ਗਏ। ਪੰਜਾਬ ਦੀ ਮਾੜੀ ਕਿਸਮਤ ਕਿ ਓਸ ਵੇਲ਼ੇ ਦੇ ਦਲਾਲ ਪੰਜਾਬੀ ਸਿੱਖ ਲੀਡਰ ਪੰਡਤ ਨਹਿਰੂ ਵਰਗਿਆਂ ਤੋਂ ਪੁੱਛ ਕੇ ਫੈਸਲੇ ਲੈਣ ਲੱਗੇ ਪਰ ਪੰਜਾਬ ਦੀ ਇਤਿਹਾਸਕ ਚੜ੍ਹਤ ਨੂੰ ਬਚਾਉਣ ਵੱਲ ਨਾ ਹੋਏ। ਜਿਸ ਦਾ ਹਰਜਾਨਾ ਸਾਰੇ ਪੰਜਾਬੀਆਂ ਨੂੰ ਭਰਨਾ ਪੈ ਰਿਹਾ ਹੈ। ਆਪਣੇ ਵਡੇਰਿਆਂ ਨਾਲ਼ 47 ਦੀ ਗੱਲ ਕਰ ਕੇ ਵੇਖਣਾ ਕਿਵੇਂ ਉਹ ਧਾਹਾਂ ਮਾਰ ਉੱਠਦੇ ਨੇ । ਉਹ ਵਿਛੋੜਿਆਂ ਦੇ ਮਾਰੇ ਸਾਡੇ ਬਾਬੇ ਭਾਰਤ ਪਾਕ ਦੀ ਅਜਾਦੀ ਦੇ ਦਿਨ ਨੂੰ ਹੱਲਿਆਂ ਵੇਲ਼ਾ ਕਹਿੰਦੇ ਨੇ। ਅਜਾਦੀ ਦੀ ਦੁਰਵਰਤੋਂ ਤਾਂ ਮਨੂੰਵਾਦੀ ਫਿਰਕੇ ਦੇ ਜਾਤੀਵਾਦੀ ਲੀਡਰ ਲੋਕ ਕਰ ਰਹੇ ਨੇ। ਨਵੇਂ ਪੰਜਾਬ ਦਾ ਭੂਗੋਲਿਕ ਏਰੀਆ ਵੇਖ ਕੇ ਸੂਝਵਾਨ ਲੋਕ ਆਪਣੀ ਕਿਸਮਤ ਨੂੰ ਝੂਰਦੇ ਹਨ ਕਿ ਦੇਸ ਲਈ ਵੱਡੀਆਂ ਕੁਰਬਾਨੀਆਂ ਅਤੇ ਉਸਾਰੀਆਂ ਕਰਨ ਬਦਲੇ ਪੰਜਾਬੀਆਂ ਨੂੰ ਚਿੜੀ ਦੇ ਪਹੁੰਚੇ ਜਿੱਡਾ ਨਿੱਕਾ ਜਿਹਾ ਪੰਜਾਬ ਦੇ ਦਿੱਤਾ ਗਿਆ।

ਉੱਥੋਂ ਦਾ ਬਾਰ ਇਲਾਕਾ, ਝੰਗ, ਸਿਆਲ,ਨਨਕਾਣਾ ਸਾਹਿਬ, ਹੜੱਪਾ ਸ਼ਹਿਰ, ਲਾਹੌਰ ਸ਼ਹਿਰ ਛੱਡ ਕੇ ਚੜ੍ਹਦੇ ਪੰਜਾਬ ਅਤੇ ਲਹਿੰਦੇ ਪੰਜਾਬ ਵਿਚਕਾਰ ਲਾਸ਼ਾਂ ਉੱਤੇ ਬਾਰਡਰ ਉਸਰਦਾ ਦੇਖਦੇ ਆਏ ਬਜ਼ੁਰਗਾਂ ਨੂੰ ਹਾਲ ਪੁੱਛਿਓ ਬਈ ਕਿਵੇਂ ਉਹ ਆਪਣੀ ਜੰਮਣ ਭੋਇੰ ਨੂੰ ਧਾਹਾਂ ਮਾਰ ਕੇ ਰੋਂਦੇ ਕੁਰਲਾਉਂਦੇ ਹੋਏ ਛੱਡ ਆਏ। ਹੁਣ ਜਦੋਂ ਕਦੇ ਆਪਣੇ ਚੜ੍ਹਦੇ ਪੰਜਾਬ ਦੇ ਬਜੁਰਗਾਂ ਦੀ ਓਧਰ ਲਹਿੰਦੇ ਪੰਜਾਬ ਦੇ ਹਾਣੀਆਂ ਨਾਲ ਫੋਨ ‘ਤੇ ਗੱਲਬਾਤ ਹੁੰਦੀ ਆ ਤਾਂ ਉਹਨਾਂ ਦੇ ਦਿਲ ਦਾ ਦਰਦ ਅੱਖਾਂ ਦੇ ਕੋਇਆਂ ਵਿੱਚੋਂ ਡੁੱਲਦਾ ਦੇਖਦੇ ਹਾਂ। ਹੁਣ ਨਵੀਂ ਪਨੀਰੀ ਨੂੰ ਕੀ ਪਤਾ ਅਸਲ ਪੰਜਾਬੀਆਂ ਦੇ ਦਰਦਾਂ ਦੀ ਕੀ ਦਵਾ ਹੈ। ਫੋਨਾਂ ਦੀਆਂ ਰੀਲਾਂ ‘ਚ ਮਸਤ, ਫੁਕਰੇ ਸਿੰਗਰਾਂ ਦੀਆਂ ਜੱਭਲ਼ੀਆਂ ਸੁਣ ਕੇ ਸਾਹਿਤ,ਇਤਿਹਾਸ ਤੋਂ ਕੋਰੇ ਨੌਜਵਾਨ ਅਸਲ ਸੱਚਾਈ ਤੋਂ ਕੋਹਾਂ ਦੂਰ ਜਾ ਰਹੇ ਨੇ।

47 ਤੋਂ ਪਹਿਲਾਂ ਪੰਜਾਬ ਦੇ ਵੱਡੇ ਭੂਗੋਲਿਕ ਖਿੱਤੇ ਦਾ ਨਾਮ ਦੇਸ ਪੰਜਾਬ ਸੀ । ਬੋਲੀ ਸੀ,” ਜਿਵੇਂ ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਈਓ ਓਵੇਂ ਦੇਸਾਂ ਵਿੱਚੋਂ ਦੇਸ ਪੰਜਾਬ ਨੀ ਸਈਓ।।”

ਅੰਮ੍ਰਿਤਾ ਪ੍ਰੀਤਮ ਨੇ ਕਿਹਾ,” ਅੱਜ ਆਖਾਂ ਵਾਰਸ ਸ਼ਾਹ ਨੂੰ ਤੇ ਕਬਰਾਂ ਵਿੱਚੋਂ ਬੋਲ ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ਼।”

ਪ੍ਰੋ: ਮੋਹਨ ਸਿੰਘ ਨੇ ਕਿਹਾ,” ਐ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ।”

ਕਿਤੇ ਲਹਿੰਦੇ ਪੰਜਾਬ ਦੇ “ਆਮੀਨ ਮਲਕ” ਦੀਆਂ ਕਹਾਣੀਆਂ ਪੜ੍ਹ ਲੈਣਾ ਜਾਂ ਚੜ੍ਹਦੇ ਪੰਜਾਬ ਦੇ “ਸਾਂਵਲ ਧਾਮੀ” ਨੂੰ ਪੜ੍ਹ ਲੈਣਾ।

ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਅਤੇ ਸਿੱਖਾਂ ਦੀ ਲੜਾਈ ਵਿੱਚ ਡੋਗਰਿਆਂ ਦੀ ਗੱਦਾਰੀ ਕਾਰਨ ਸਿੱਖਾਂ ਦੀ ਹੋਈ ਹਾਰ ਤੋਂ ਬਾਅਦ ਜੋ ਦਰਦ ਭਰੇ ਕੀਰਨੇ ਪਾਏ ਅਗਰ ਸ਼ਾਹ ਮੁਹੰਮਦ 47 ਦੀ ਅਣਚਾਹੀ, ਵਿਛੋੜਿਆਂ ਮਾਰੀ ਵਤਨ ਦੀ ਵੰਡ ਨੂੰ ਵੇਖਦਾ ਤਾਂ ਵੀ ਦੁਬਾਰਾ ਇਸ ਤਰ੍ਹਾਂ ਹੀ ਦਰਦ ਲਿਖਦਾ,” ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਜੀ, ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਜੀ।”

Harbhinder Singh

# ਨਾਵਲ “ਪਹਿਲਾ ਅਧਿਆਪਕ” ਤੇ ਕਰਵਾਈ ਗਈ ਵਿਚਾਰ ਚਰਚਾ

“Equality and justice” Patiala 25 June INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )ਅਦਾਰਾ ਪਾਠਕ ਸੱਥ ਨਵਾਂਸ਼ਹਿਰ ਵਲੋਂ ਬਾਰਾਂਦਰੀ ਬਾਗ਼ ਵਿਚ ਚੰਗੇਜ਼ ਆਇਤਮਤੋਵ ਦੇ ਨਾਵਲ ‘ਪਹਿਲਾ ਅਧਿਆਪਕ” ਤੇ ਵਿਚਾਰ ਚਰਚਾ ਕਰਵਾਈ ਗਈ | ਵਿਚਾਰ ਚਰਚਾ ਦਾ ਆਗਾਜ਼ ਜਸਵੀਰ ਮੋਰੋਂ ਜੀ ਵਲੋਂ ਕਰਦਿਆਂ ਨਾਵਲ ਦੇ ਪਾਤਰ ਦੂਈਸ਼ੇਨ ਨੂੰ ਉਸਦੇ ਮਿਸ਼ਨ ਵਿੱਚ ਆਈਆਂ ਮੁਸ਼ਕਿਲਾਂ ਦਾ ਜ਼ਿਕਰ ਕੀਤਾ ਗਿਆ | ਜੋ ਕਿਰਗਿਜ਼ਸਤਾਨ ਦੇ ਦੂਰ ਦੁਰਾਡੇ ਇਲਾਕੇ ਵਿੱਚ ਪਿੰਡ ਦੇ ਲੋਕਾਂ ਲਈ ਸਕੂਲ ਖੋਲਣ ਦੀ ਕੋਸ਼ਿਸ਼ ਕਰ ਰਿਹਾ ਸੀ।ਐਪਰ ਪਿੰਡ ਦੇ ਕੁਝ ਪਿਛਾਖੜੀ ਕਿਸਮ ਦੇ ਲੋਕ ਉਸ ਦੇ ਰਾਹ ਦਾ ਅੜ੍ਹਿੱਕਾ ਬਣਦੇ ਹਨ |ਆਖੀਰ ਉਸਨੂੰ ਸੋਵੀਅਤ ਸਰਕਾਰ ਵਲੋਂ ਕੀਤੇ ਹੁਕਮਾਂ ਦਾ ਪੱਤਰ ਦਿਖਾਉਣ ਤੋਂ ਬਾਅਦ ਹੀ ਸਕੂਲ ਖੋਲ੍ਹਣ ਦਾ ਮੌਕਾ ਦਿੱਤਾ ਜਾਂਦਾ ਹੈ |ਜਸਵੀਰ ਮੋਰੋਂ ਜੀ ਨੇ ਦੱਸਿਆ ਕਿ ਸਾਰੇ ਸਮਾਜਾਂ ਵਿਚ ਕੁਝ ਸਮਾਨਤਾਵਾਂ ਹੁੰਦੀਆਂ ਹਨ | ਹਰੇਕ ਸਮਾਜ ਵਿੱਚ ਸਿਤਾਮਕੁਲ ਵਰਗੇ ਪਾਤਰ ਬਿਨਾਂ ਗੱਲੋਂ ਰੋੜੇ ਅਟਕਾਉਂਦੇ ਹਨ | ਜਸਵੀਰ ਮੋਰੋਂ ਜੀ ਨੇ ਦੱਸਿਆ ਕਿ ਇਹ ਨਾਵਲ ਪਿਛਲਝਾਤ ਪਵਾਉਂਦਾ ਹੋਇਆ ਅੱਗੇ ਚਲਦਾ ਹੈ | ਇਸ ਨਾਵਲ ਦੀ ਪਾਤਰ ਅਲਿਤਨਾਈ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਲਈ ਇੱਕ ਖੱਤ ਲਿਖਦੀ ਹੈ ਜੋ ਕਿ ਨਾਵਲ ਦਾ ਆਧਾਰ ਬਣਦਾ ਹੈ | ਚਰਚਾ ਨੂੰ ਜਾਰੀ ਰੱਖਦਿਆਂ ਪਾਠਕ ਸਾਥੀ ਅਮਰਜੀਤ ਸਿੰਘ ਧਰਮਕੋਟ ਜੀ ਨੇ ਦੱਸਿਆ ਕਿ ਨਾਵਲ ਦੇ ਪਾਤਰਾਂ ਦੀ ਗੱਲਬਾਤ ਤੋਂ ਪਤਾ ਲਗਦਾ ਹੈ ਕਿ ਸੋਵੀਅਤ ਯੂਨੀਅਨ ਦੀ ਸਰਕਾਰ ਆਪਣੇ ਨਾਗਰਿਕਾਂ ਦੀ ਸਿੱਖਿਆ ਨੂੰ ਕਿੰਨੀ ਅਹਿਮੀਅਤ ਦਿੰਦੀ ਹੈ | ਸੋਵੀਅਤ ਸਰਕਾਰ ਵਲੋਂ ਹਰ ਇੱਕ ਬੱਚੇ ਨੂੰ ਸਿੱਖਿਆ ਦੇਣ ਦੇ ਬਾਕਾਇਦਾ ਹੁਕਮ ਜਾਰੀ ਕੀਤੇ ਸਨ | ਦੂਜੀ ਗੱਲ ਸਭ ਤੋਂ ਵੱਧ ਇਹ ਪ੍ਰਭਾਵਿਤ ਕਰਦੀ ਹੈ ਕਿ ਸੋਵੀਅਤ ਯੂਨੀਅਨ ਦੀ ਜਨਤਾ ਆਪਣੇ ਲੀਡਰ ਲੈਨਿਨ ਨਾਲ ਕਿਸ ਹੱਦ ਤੱਕ ਜੁੜੀ ਹੋਈ ਹੈ | ਲੈਨਿਨ ਦੀ ਮੌਤ ਤੋਂ ਬਾਅਦ ਜਿਸ ਤਰਾਂ ਸਾਰੇ ਲੋਕ ਸੋਗ ਮਨਾਉਂਦੇ ਹਨl ਉਹ ਸਭ ਕੁਝ ਹੈਰਾਨ ਕਰਨ ਵਾਲਾ ਹੈ |ਸਰਪੰਚ ਨਿੰਦਰ ਮਾਈਦਿੱਤਾ ਨੇ ਆਪਣੀ ਗੱਲ ਰੱਖਦਿਆਂ ਕਿਹਾ ਕਿ ਇਸ ਨਾਵਲ ਬਾਰੇ ਪਹਿਲੀ ਵਾਰ ਕਿਸੇ ਪ੍ਰੋਗਰਾਮ ਤੇ ਨਾਟਕਕਾਰ ਗੁਰਸ਼ਰਨ ਸਿੰਘ ਹੁਰਾਂ ਤੋਂ ਸੁਣਿਆ ਸੀ | ਇਸ ਨਾਵਲ ਤੋਂ ਪ੍ਰਭਾਵਿਤ ਹੋ ਕੇ ਪਿੰਡ ਵਿਚ ਸਾਵਿਤਰੀ ਬਾਈ ਫੂਲੇ ਟਿਊਸ਼ਨ ਸੈਂਟਰ ਦੀ ਸ਼ੁਰੂਆਤ ਕੀਤੀ ਹੈ | ਨਾਵਲ ਦੇ ਪਾਤਰਾਂ ਦੇ ਨਾ ਰਸ਼ੀਅਨ ਹੋਣ ਕਰਕੇ ਥੋੜ੍ਹਾ ਔਖਾ ਲੱਗਦਾ ਹੈ,ਪਰ ਦਿਲਚਸਪ ਹੈ |

ਜਰਨੈਲ ਸਿੰਘ ਜਾਫ਼ਰਪੁਰ ਜੀ ਨੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਾਵਲ ਦੀ ਵਿਧਾ ਇਟਲੀ ਦੀ ਦੇਣ ਹੈ | ਇਸ ਨਾਵਲ ਵਿਚ ਘੱਟ ਪੜ੍ਹਿਆ ਲਿਖਿਆ ਬੰਦਾ ਬੱਚਿਆਂ ਨੂੰ ਪੜ੍ਹਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਕਿ ਸਹੀ ਮਾਇਨਿਆਂ ਵਿੱਚ ਇੱਕ ਖਰਾ ਅਧਿਆਪਕ ਸਾਬਿਤ ਹੁੰਦਾ ਹੈ |ਅਧਿਆਪਕ ਹੋਣ ਦਾ ਅਰਥ ਇਹ ਹੈ ਕਿ ਸਮਾਜ ਨੂੰ ਸਹੀ ਸੇਧ ਦੇ ਕੇ ਲੋਕਾਂ ਨੂੰ ਅਗਾਂਹ ਵਧੂ ਕੰਮਾਂ ਲਈ ਤੋਰਿਆ ਜਾਵੇ ਤੇ ਲੋਕਾਂ ਨੂੰ ਪੁਰਾਣੇ ਰੂੜੀ ਰਿਵਾਜ਼ਾਂ ਦੇ ਖਿਲਾਫ ਖੜ੍ਹਾ ਹੋਣਾ ਸਿਖਾਵੇ |

ਸ੍ਰੀ ਸ਼ਸ਼ੀ ਬਾਲੀ ਜੀ ਨੇ ਆਪਣੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਰੂਸ ਤੇ ਹਿੰਦੋਸਤਾਨ ਦੀਆ ਹਾਲਤਾਂ ਵਿਚ ਬਹੁਤ ਫਰਕ ਹੈ | ਇਸ ਲਈ ਭਾਰਤੀ ਸਮਾਜ ਵਿਚ ਤਬਦੀਲੀ ਲਈ ਦੂਈਸ਼ੇਨ ਵਰਗੇ ਬਹੁਤ ਸਾਰੇ ਅਧਿਆਪਕ ਚਾਹੀਦੇ ਹਨ |

ਸੰਦੀਪ ਨਈਅਰ ਨੇ ਚਰਚਾ ਵਿੱਚ ਭਾਗ ਲੈਂਦਿਆਂ ਕਿਹਾ ਕਿ ਨਾਵਲ ਦਾ ਨਾਇਕ ਦੂਈਸ਼ੇਨ ਸੋਵੀਅਤ ਯੂਨੀਅਨ ਦੀ ਇਨਕਲਾਬੀ ਪਾਰਟੀ ਦੇ ਯੂਥ ਵਿੰਗ ਕੋਮਸਮੋਲ ਦਾ ਮੈਂਬਰ ਹੈ |ਉਸ ਨੂੰ ਇਨਕਲਾਬ ਤੋਂ ਬਾਅਦ ਕਿਰਗਿਜ਼ਸਤਾਨ ਦੇ ਪਿੰਡ ਵਿਚ ਬੱਚਿਆਂ ਨੂੰ ਸਿੱਖਿਅਤ ਕਰਨ ਲਈ ਭੇਜਿਆ ਗਿਆ ਹੈ | ਪਰ ਉਲਟ ਇਨਕਲਾਬੀ ਤੱਤ ਉਸ ਦੇ ਰਾਹ ਵਿਚ ਰੋੜੇ ਅਟਕਾਉਂਦੇ ਹਨ | ਅਸਲ ਵਿਚ ਰੂਸ ਵਿਚ ਇਨਕਲਾਬ ਹੋਣ ਤੋਂ ਕਈ ਸਾਲ ਬਾਅਦ ਵੀ ਪਿਛਾਖੜੀ ਤੱਤ ਦੂਰ ਦਰਾਡੇ ਇਲਾਕਿਆਂ ਵਿਚ ਸਰਗਰਮ ਸਨ | ਦੂਈਸ਼ੇਨ ਤੇ ਉਸਦੀ ਪਾਰਟੀ ਦੇ ਬੰਦੇ ਬੜੀ ਮੁਸ਼ਕਿਲ ਨਾਲ ਪਿਛਾਖੜੀ ਲੋਕਾਂ ਨੂੰ ਨੱਥ ਪਾਉਂਦੇ ਹਨ |ਪਰਮਜੀਤ ਕਰਿਆਮ ਨੇ ਨਾਵਲ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਦੂਈਸ਼ੇਨ ਵਰਗੇ ਅਧਿਆਪਕ ਤੋਂ ਸਿੱਖਣਾ ਚਾਹੀਦਾ ਤਾਂ ਕਿ ਸਮਾਜ ਵਿੱਚ ਲੋਕ ਪੱਖੀ ਕੰਮ ਹੋ ਸਕਣ | ਐਡਵੋਕੇਟ ਸੁਖਵੀਰ ਸਿੰਘ ਵਲੋਂ ਆਪਣੀ ਰਚਨਾ “ਮਾਹੌਲ ਖ਼ਰਾਬ ਹੈ “ ਸੁਣਾ ਕੇ ਚੱਲ ਰਹੀ ਚਰਚਾ ਦਾ ਮਾਹੌਲ ਬਾਦਲ ਦਿਤਾ ਗਿਆ | ਹੋਰਨਾਂ ਤੋਂ ਇਲਾਵਾ ਦਲਵੀਰ ਮਾਹੀ ਬੇਗੋਵਾਲ ਤੇ ਸ੍ਰੀ ਸਤਵਿੰਦਰ ਮਦਾਰਾ ਜੀ ਨੇ ਵੀ ਆਪਣੀ ਹਾਜ਼ਰੀ ਲਵਾਈ| ਚਰਚਾ ਵਿਚ ਬਰਾਦਰੀ ਬਾਗ਼ ਦੀ ਲਾਇਬ੍ਰੇਰੀ ਇੰਚਾਰਜ ਮੈਡਮ ਅਨੂਪ ਰਾਣਾ ਜੀ ਵਲੋਂ ਵੀ ਸ਼ਿਰਕਤ ਕੀਤੀ | ਮੈਡਮ ਅਨੂਪ ਰਾਣਾ ਜੀ ਵਲੋਂ ਪਾਠਕਾਂ ਨੂੰ ਵੱਧ ਤੋਂ ਵੱਧ ਕਿਤਾਬਾਂ ਪੜ੍ਹਨ ਲਈ ਪ੍ਰੇਰਿਆ ਗਿਆ | ਚਰਚਾ ਤੋਂ ਬਾਅਦ ਸਾਥੀ ਜਸਵੀਰ ਮੋਰੋਂ ਤੇ ਹਾਜ਼ਰ ਸਾਥੀਆਂ ਵਲੋਂ ਮੈਡਮ ਅਨੂਪ ਰਾਣਾ ਜੀ ਨੂੰ ਲਾਇਬ੍ਰੇਰੀ ਲਈ ਅਗਾਂਹਵਧੂ ਸਾਹਿਤ ਭੇਟ ਕੀਤਾਗਿਆ l

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਚੋਣ ਹੋਈ

## ਜਨਰਲ ਸਕੱਤਰ ਡਾਕਟਰ ਰਜਿੰਦਰ ਸਿੰਘ ਲੱਕੀ ਅਤੇ ਸੂਬਾ ਕਮੇਟੀ ਮੈਂਬਰ ਡਾਕਟਰ ਪ੍ਰੇਮ ਸਲੋਹ ਨਿਯੁਕਤ ਕੀਤੇ ਗਏ।

“Equality and justice” Patiala 25 June INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ( ਚਰਨਜੀਤ ਸੱਲ੍ਹਾਂ )ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਦੀ ਪ੍ਰਧਾਨਗੀ ਹੇਠ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜ਼ਿਲ੍ਹਾ ਆਰਗੇਨਾਈਜ਼ਿਰ ਡਾਕਟਰ ਸੁਰਿੰਦਰ ਮਹਾਲੋਂ ਦੀ ਰਿਹਾਇਸ਼ ਪਿੰਡ ਗੁਜਰਪੁਰ ਵਿਖੇ ਕੀਤੀ ਗਈ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ, ਸੂਬਾ ਮੀਤ ਪ੍ਰਧਾਨ ਡਾਕਟਰ ਬਲਵੀਰ ਗਰਚਾ ਅਤੇ ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨਪੁਰ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਜਲਦ ਤੋਂ ਜਲਦ ਹੱਲ ਕਰਨ ਲਈ ਕੋਈ ਕਨੂੰਨ ਬਣਾਇਆ ਜਾਵੇ। ਜਿਸ ਨਾਲ ਮੈਡੀਕਲ ਪ੍ਰੈਕਟੀਸ਼ਨਰਜ਼ ਬਿਨਾਂ ਕਿਸੇ ਡਰ ਤੋਂ ਆਮ ਲੋਕਾਂ ਨੂੰ ਸਸਤੀਆਂ ਸਿਹਤ ਸਹੂਲਤਾਂ ਦੇਣ ਦੇ ਨਾਲ ਨਾਲ ਆਪਣੇ ਕਿੱਤੇ ਨੂੰ ਬਚਾਉਂਦੇ ਹੋਏ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ। ਮੀਟਿੰਗ ਦੌਰਾਨ ਸਮੂਹ ਮੈਂਬਰਾਂ ਦੀ ਆਪਸੀ ਸਹਿਮਤੀ ਦੇ ਨਾਲ ਡਾਕਟਰ ਰਜਿੰਦਰ ਸਿੰਘ ਲੱਕੀ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਜਨਰਲ ਸਕੱਤਰ ਚੁਣਿਆ ਗਿਆ ਅਤੇ ਡਾਕਟਰ ਪ੍ਰੇਮ ਸਲੋਹ ਨੂੰ ਸੂਬਾ ਕਮੇਟੀ ਮੈਂਬਰ ਨਿਯੁਕਤ ਕੀਤਾ ਗਿਆ। ਡਾਕਟਰ ਰਜਿੰਦਰ ਸਿੰਘ ਲੱਕੀ ਅਤੇ ਡਾਕਟਰ ਪ੍ਰੇਮ ਸਲੋਹ ਵਲੋਂ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਜੋ ਜਥੇਬੰਦੀ ਵੱਲੋਂ ਉਨ੍ਹਾਂ ਨੂੰ ਮਾਣ ਸਤਿਕਾਰ ਦਿੱਤਾ ਗਿਆ ਉਸ ਹਰ ਹਾਲ ਵਿੱਚ ਨਿਭਾਉਣ ਦੀ ਕੋਸ਼ਿਸ਼ ਕਰਨਗੇ। ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜਿਸ ਦੇ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਹਨ ਉਨ੍ਹਾਂ ਦੀ ਅਗਵਾਈ ਵਿੱਚ ਐਸੋਸੀਏਸ਼ਨ ਨੂੰ ਮਜ਼ਬੂਤ ਕਰਨ ਲਈ ਤਨ ਮਨ ਧਨ ਨਾਲ ਸੇਵਾ ਕਰਨ ਲਈ ਹਮੇਸ਼ਾ ਤਤਪਰ ਰਹਿਣਗੇ।ਇਸ ਸਮੇਂ ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ,ਡਾਕਟਰ ਅਨੂੰਪਿੰਦਰ ਸਿੰਘ, ਡਾਕਟਰ ਅਮ੍ਰਿਤ ਲਾਲ ਫਰਾਲਾ, ਡਾਕਟਰ ਜਤਿੰਦਰ ਸਹਿਗਲ, ਡਾਕਟਰ ਸਤਨਾਮ ਸਿੰਘ ਬਾਜ਼ੀਦ ਪੁਰ, ਡਾਕਟਰ ਸੁਰਿੰਦਰ ਮਹਾਲੋਂ, ਡਾਕਟਰ ਨਿਰਮਲ ਸਿੰਘ, ਡਾਕਟਰ ਜਸਵੀਰ ਸਿੰਘ ਗੜ੍ਹੀ ਅਤੇ ਸਮੂਹ ਬਲਾਕ ਦੇ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁੱਧ’ ਤਹਿਤ ਹੁਸ਼ਿਆਰਪੁਰ ਵਿਖੇ ਨਸ਼ਾ ਤਸਕਰ ਦੇ ਘਰ ‘ਤੇ ਚੱਲਿਆ ਪੀਲ਼ਾ ਪੰਜਾ

“Equality and justice” Patiala 25 June INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ, 25 ਜੂਨ ( ਤਰਸੇਮ ਦੀਵਾਨਾ )

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸ਼ੁਰੂ ਕੀਤੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਨਸ਼ਿਆਂ ਦੇ ਖਾਤਮੇ ਅਤੇ ਨਸ਼ਾ ਤਸਕਰਾਂ ਵੱਲੋਂ ਕੀਤੇ ਗੈਰ-ਕਾਨੂੰਨੀ ਕਬਜ਼ਿਆਂ ਨੂੰ ਹਟਾਉਣ ਲਈ ਹੁਸ਼ਿਆਰਪੁਰ ਪੁਲਿਸ ਵੱਲੋਂ ਸਥਾਨਕ ਸਿਵਲ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਸ਼ਹਿਰ ਦੇ ਮੁਹੱਲਾ ਬਹਾਦੁਰਪੁਰ ਦੇ ਪੰਜ ਪਿੱਪਲੀ ਮੰਦਰ ਕੋਲ ਹੋਈ ਅਣ-ਅਧਿਕਾਰਤ ਉਸਾਰੀ ਨੂੰ ਅੱਜ ਢਹਾਇਆ ਗਿਆ। ਇਹ ਗੈਰ-ਕਾਨੂੰਨੀ ਉਸਾਰੀ ਇਕ ਵਿਅਕਤੀ, ਜਿਸ ਦਾ ਨਸ਼ਿਆਂ ਦੇ ਕਾਰੋਬਾਰ ਨਾਲ ਸਬੰਧ ਹੈ, ਵੱਲੋਂ ਕੀਤੀ ਗਈ ਸੀ, ਜਿਸ ਨੂੰ ਸਿਵਲ ਪ੍ਰਸ਼ਾਸਨ ਦੇ ਆਰਡਰਾਂ ‘ਤੇ ਢਾਹਿਆ ਗਿਆ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਐਸ.ਐਸ. ਪੀ. ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ ਨਗਰ ਨਿਗਮ, ਹੁਸ਼ਿਆਰਪੁਰ, ਜਿਸ ਨੂੰ ਇਸ ਗੈਰ- ਕਾਨੂੰਨੀ ਉਸਾਰੀ ਨੂੰ ਢਾਹੁਣ ਲਈ ਪੁਲਿਸ ਸਹਾਇਤਾ ਦੀ ਲੋੜ ਸੀ, ਦੀ ਬੇਨਤੀ ’ਤੇ ਕਾਰਵਾਈ ਕਰਦਿਆਂ ਢਾਹਿਆ ਗਿਆ ਹੈ। ਇਹ ਕਾਰਵਾਈ ਮਨਦੀਪ ਸਿੰਘ ਉਰਫ਼ ਮਨੂੰ ਵਿਰੁੱਧ ਕੀਤੀ ਗਈ ਹੈ, ਜਿਸ ਖ਼ਿਲਾਫ਼ 9 ਐਫ.ਆਈ.ਆਰਜ਼ ਦਰਜ ਹਨ ਅਤੇ ਉਹ ਇਸ ਸਮੇਂ ਜੇਲ੍ਹ ਵਿਚ ਬੰਦ ਹੈ। ਉਨ੍ਹਾਂ ਦੱਸਿਆ ਕਿ ਮਨਦੀਪ ਖ਼ਿਲਾਫ਼ ਦਰਜ ਮਾਮਲਿਆਂ ਵਿਚ ਜ਼ਿਆਦਾਤਰ ਐਨ.ਡੀ.ਪੀ.ਐਸ ਨਾਲ ਸਬੰਧਤ ਹਨ।

ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ‘ਤੇ ਹੁਸ਼ਿਆਰਪੁਰ ਪੁਲਿਸ ਵੱਲੋਂ ਨਸ਼ਿਆਂ ਅਤੇ ਗੈਰ ਕਾਨੂੰਨੀ ਕਬਜ਼ਿਆਂ ਖਿਲਾਫ਼ ਕਾਰਵਾਈ ਨੂੰ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਸਬੰਧੀ ਜਾਣਕਾਰੀ ਪੁਲਿਸ ਨੂੰ ਦਿੱਤੀ ਜਾਵੇ। ਉਨ੍ਹਾਂ ਭਰੋਸਾ ਦਿਵਾਇਆ ਕਿ ਦੋਸ਼ੀਆਂ ਖਿਲਾਫ਼ ਤੁਰੰਤ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੱਤੀ ਕਿ ਕਿ ਜਾਂ ਤਾਂ ਨਸ਼ਾ ਤਸਕਰੀ ਛੱਡ ਕੇ ਕੋਈ ਹੋਰ ਕੰਮ ਕਰ ਲਓ, ਜਾਂ ਸਖ਼ਤ ਤੋਂ ਸਖ਼ਤ ਕਾਰਵਾਈ ਲਈ ਤਿਆਰ ਰਹੋ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਤਸ਼ਕਰਾਂ ਤੋਂ ਸਥਾਨਕ ਵਾਸੀ ਬੇਹੱਦ ਪ੍ਰੇਸ਼ਾਨ ਸਨ, ਜਿਸ ਲਈ ਉਨ੍ਹਾਂ ਵੱਲੋਂ ਪੰਜਾਬ ਸਰਕਾਰ ਦੀ ਇਸ ਕਾਰਵਾਈ ਦਾ ਸਵਾਗਤ ਕੀਤਾ ਜਾ ਰਿਹਾ ਹੈ। ਲੋਕਾਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਨਸ਼ਿਆਂ ਨੂੰ ਖ਼ਤਮ ਕਰਨ ਲਈ ਕੀਤੇ ਜਾ ਰਹੇ ਇਨ੍ਹਾਂ ਉਪਰਾਲਿਆਂ ਦਾ ਸਵਾਗਤ ਕਰਦੇ ਹਨ।

# ਕਾਮਰੇਡ ਰਾਜ ਸਿੰਘ ਮਲੋਟ ਦੇ ਦੇਹਾਂਤ ਨਾਲ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ - ਸੂਬਾ ਕਮੇਟੀ ਇਫਟੂ

“Equality and justice” Patiala 25 June INTERNATIONAL PAPER, 94636 01616 hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਪੰਜਾਬ ਦੀ ਸੂਬਾ ਕਮੇਟੀ ਨੇ ਇਫਟੂ ਦੇ ਸੂਬਾ ਸਕੱਤਰ ਅਤੇ ਕੇਂਦਰੀ ਕਮੇਟੀ ਮੈਂਬਰ ਰਾਜ ਸਿੰਘ ਮਲੋਟ ਦੀ ਮੌਤ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਇੱਥੇ ਜਿਕਰਯੋਗ ਹੈ ਕਿ ਰਾਜ ਸਿੰਘ ਮਲੋਟ ਨੂੰ ਲਿਵਰ ਦਾ ਕੈਂਸਰ ਸੀ ਜਿਸ ਦਾ ਪਤਾ ਬਹੁਤ ਲੇਟ ਸਟੇਜ ਉੱਤੇ ਜਾਕੇ ਲੱਗਾ।ਉਹਨਾਂ ਦਾ ਇਲਾਜ ਬਠਿੰਡਾ ਵਿਖੇ ਕੈਂਸਰ ਦੇ ਇਕ ਨਿੱਜੀ ਹਸਪਤਾਲ ਵਿਚ ਚੱਲ ਰਿਹਾ ਸੀ ਜਿੱਥੇ 23ਅਤੇ 24 ਜੂਨ ਦੀ ਦਰਮਿਆਨੀ ਰਾਤ ਨੂੰ ਉਹਨਾਂ ਦਾ ਦੇਹਾਂਤ ਹੋ ਗਿਆ।

ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਮੀਤ ਪ੍ਰਧਾਨ ਰਮੇਸ਼ ਰਾਣਾ, ਪ੍ਰੈਸ ਸਕੱਤਰ ਜਸਬੀਰ ਦੀਪ, ਸਹਾਇਕ ਸਕੱਤਰ ਅਵਤਾਰ ਸਿੰਘ ਤਾਰੀ ਅਤੇ ਖਜਾਨਚੀ ਜੁਗਿੰਦਰਪਾਲ ਗੁਰਦਾਸਪੁਰ ਨੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਕਾਮਰੇਡ ਰਾਜ ਸਿੰਘ ਹੋਣਾ ਦੇ ਤੁਰ ਜਾਣ ਨਾਲ ਪਰਿਵਾਰ ਦੇ ਨਾਲ ਨਾਲ ਟਰੇਡ ਯੂਨੀਅਨ ਲਹਿਰ ਨੂੰ ਵੱਡਾ ਘਾਟਾ ਪਿਆ ਹੈ।ਉਹਨਾਂ ਇਨਕਲਾਬੀ ਟਰੇਡ ਯੂਨੀਅਨ ਲਹਿਰ ਦੀ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਈ।ਉਹਨਾਂ ਨੇ ਗੈਰ ਜਥੇਬੰਦਕ ਮਜਦੂਰਾਂ ਨੂੰ ਜਥੇਬੰਦ ਕੀਤਾ ਅਤੇ ਸੰਘਰਸ਼ਾਂ ਵਿਚ ਪਾਇਆ।ਉਸਾਰੀ ਨਾਲ ਜੁੜੇ ਮਜਦੂਰ ਵਰਗ ਨੂੰ ਜਥੇਬੰਦ ਕਰਕੇ ਉਸਾਰੀ ਮਿਸਤਰੀ ਮਜਦੂਰ ਜਥੇਬੰਦੀ ਖੜੀ ਕੀਤੀ।ਇਸ ਖੇਤਰ ਦੇ ਅਣਗੌਲੇ ਮਜਦੂਰਾਂ ਦੇ ਹੱਕ ਦੁਆਏ।ਸਿਹਤ ਦੇ ਖਰਾਬ ਰਹਿੰਦਿਆਂ ਵੀ ਉਹ ਮਜਦੂਰ ਵਰਗ ਦੇ ਹਿੱਤਾਂ



ਲਈ ਸਰਗਰਮ ਭੂਮਿਕਾ ਵਿਚ ਰਹਿੰਦੇ ਸਨ। ਇਫਟੂ ਦੇ ਸੂਬਾ ਕਮੇਟੀ ਮੈਂਬਰਾਂ ਜਗਸੀਰ ਮੁਕਤਸਰ, ਦਲੀਪ ਕੁਮਾਰ ਫਾਜਿਲਕਾ, ਰਾਮ ਕਿਸ਼ਨ ਮੁਕਤਸਰ, ਸੁਖਦੇਵ ਗੁਰਦਾਸਪੁਰ, ਤਰਸੇਮ ਜੱਟ ਪੁਰ ਅਤੇ ਸ਼੍ਰੀਨਾਥ ਪਟਿਆਲਾ ਨੇ ਵੀ ਉਹਨਾਂ ਦੀ ਮੌਤ ਉੱਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

# ਬੈਡਮਿੰਟਨ ਟੀਮ ਸੰਗਰੂਰ ਵੱਲੋਂ ਹਰਪਾਲ ਸੋਨੂੰ ਦਾ ਕੋਆਰਡੀਨੇਟਰ ਨਿਯੁਕਤ ਹੋਣ ਤੇ ਸਨਮਾਨ

“Equality and justice” Patiala 25 June INTERNATIONAL PAPER, 94636 01616 hardipchumber57@gmail.com

ਸੰਗਰੂਰ, 25 ਜੂਨ (ਜਗਸੀਰ ਲੌਂਗੋਵਾਲ) - ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਓਬੀਸੀ ਵਿੰਗ ਦੇ ਵਾਈਸ ਚੇਅਰਮੈਨ ਅਤੇ ਸੰਗਰੂਰ ਤੋਂ ਮੁੱਖ ਬੁਲਾਰਾ ਹਰਪਾਲ ਸਿੰਘ ਸੋਨੂੰ ਨੂੰ ਪਿਛਲੇ ਦਿਨੀਂ ਕਾਂਗਰਸ ਹਾਈ ਕਮਾਨ ਵੱਲੋਂ ਵਿਧਾਨ ਸਭਾ ਹਲਕਾ ਬਰਨਾਲਾ ਦਾ ਕੋਆਰਡੀਨੇਟ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਅੱਜ ਸਥਾਨਕ ਬਨਾਸਰ ਬਾਗ ਵਿਖੇ ਬੈਡਮਿੰਟਨ ਟੀਮ ਸੰਗਰੂਰ ਵੱਲੋਂ ਹਰਪਾਲ ਸਿੰਘ ਸੋਨੂੰ ਦਾ ਸਨਮਾਨ ਕੀਤਾ ਗਿਆ ਅਤੇ ਮੁਬਾਰਕਬਾਦ ਦਿੱਤੀ ਗਈ। ਟੀਮ ਦੇ ਮੈਂਬਰਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਇੱਕ ਮਿਹਨਤ ਕਰਨ ਵਾਲੇ ਅਤੇ ਜ਼ਮੀਨ ਨਾਲ ਜੁੜ੍ਹੇ ਵਰਕਰ ਦੀ ਕਦਰ ਕੀਤੀ ਗਈ ਹੈ। ਜਿਸ ਲਈ ਅਸੀਂ ਕਾਂਗਰਸ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦੇ ਧੰਨਵਾਦੀ ਹਾਂ। ਇਸ ਮੌਕੇ ਹਰਪਾਲ ਸੋਨੂੰ ਨੇ ਬੈਡਮਿੰਟਨ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਗਿਆ ਮੇਰੇ ਰੱਬ ਵਰਗੇ ਪਿਆਰੇ ਭਰਾਵਾਂ ਵੱਲੋਂ ਕੀਤੇ ਗਏ ਸਨਮਾਨ ਲਈ ਉਹ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਨ। ਇਸ ਮੌਕੇ ਵਿਸ਼ਾਲ ਸ਼ਰਮਾ,ਰਵਿੰਦਰ ਸ਼ਰਮਾ ਭੀਖੀ,ਬਲਕਾਰ ਸਿੰਘ,ਕਰਿਸ਼ਨ ਕੁਮਾਰ,ਪੰਮਾ ਜੀ,ਹਰਪ੍ਰੀਤ ਸਿੰਘ,ਕਰਿਸ਼ਨ ਵਰਮਾ ,ਰਵੀ ਜੀ ਹਾਜਰ ਸਨ।

# ਪੰਜਾਬੀ ਸਭਾ ਦੀ ਦਿਹਾਤੀ ਇਕਾਈ ਦਾ ਗਠਨ

## ਕੇਵਲ ਮਹਿਤਾ ਨੂੰ ਇੰਚਾਰਜ, ਫਤਿਹਚੰਦ ਤਨੇਜਾ ਨੂੰ ਕੋ-ਇੰਚਾਰਜ ਨਿਯੁਕਤ ਕੀਤਾ ਗਿਆ ਹੈ

“Equality and justice” Patiala 25 June INTERNATIONAL PAPER, 94636 01616 hardipchumber57@gmail.com

ਰਤੀਆ/ਸੁਨੀਲ ਕੁਮਾਰ ਪੰਜਾਬੀ ਸਭਾ ਦੇ ਪ੍ਰਧਾਨ ਸਤੀਸ਼ ਹਾਂਡਾ ਨੇ ਸੀਨੀਅਰ ਅਧਿਕਾਰੀਆਂ ਨਾਲ ਸਲਾਹ-ਮਸ਼ਵਰਾ ਕਰਕੇ ਇਲਾਕੇ ਵਿੱਚ ਪੰਜਾਬੀ ਸਭਾ ਨੂੰ ਮਜ਼ਬੂਤ ਕਰਨ ਲਈ ਪੰਜਾਬੀ ਸਭਾ ਦੀ ਦਿਹਾਤੀ ਇਕਾਈ ਦਾ ਗਠਨ ਕਰਕੇ ਪੰਚਾਇਤ ਸੰਮਤੀ ਪ੍ਰਧਾਨ ਕੇਵਲ ਮਹਿਤਾ ਨੂੰ ਪੰਜਾਬੀ ਸਭਾ ਦੇ ਦਿਹਾਤੀ ਮੰਡਲ ਦਾ ਇੰਚਾਰਜ ਅਤੇ ਫਤਿਹਚੰਦ ਤਨੇਜਾ ਨੂੰ ਸਹਿ-ਇੰਚਾਰਜ ਨਿਯੁਕਤ ਕੀਤਾ ਹੈ। ਸਭਾ ਦੇ ਜਨਰਲ ਸਕੱਤਰ ਕ੍ਰਿਸ਼ਨ ਤਨੇਜਾ ਨੇ ਦੱਸਿਆ ਕਿ ਸ

ਇਸ ਦੇ ਨਾਲ ਹੀ ਪ੍ਰਵੀਨ ਚੋਪੜਾ ਖਾਈ, ਅਸ਼ੋਕ ਕਟਾਰੀਆ ਸਰਦਾਰੇਵਾਲਾ, ਯੋਗੇਸ਼ ਮਹਿਤਾ ਹਡੇਲੀ, ਨਵਨੀਤ ਮਹਿਤਾ ਲਾਂਬਾ, ਸੁਰੇਸ਼ ਜਸੂਜਾ ਨੰਗਲ, ਕੇਵਲ ਪਿੰਡੋਂਬਾ, ਮੁਲਖ ਰਾਜ ਢੁੱਂਘ ਬਲਿਆਲਾ, ਵਿੱਕੀ ਮਹਿਤਾ, ਡਾ: ਵਿਸ਼ਨ ਬਲਾਣਾ ਨੂੰ ਸਹਾਇਕ ਇੰਚਾਰਜ ਨਿਯੁਕਤ ਕੀਤਾ ਗਿਆ ਹੈ | ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ, ਹੋਰ ਕਾਰਜਕਾਰਨੀ ਬਣਾਉਣ ਦਾ ਅਧਿਕਾਰ ਪੇਂਡੂ ਡਵੀਜ਼ਨ ਨੂੰ ਦਿੱਤਾ ਗਿਆ ਹੈ।



ਇਸ ਮੌਕੇ ਮੁੱਖ ਕਨਵੀਨਰ ਵਿਗਿਆਨ ਸਾਗਰ ਬਾਘਲਾ, ਕਨਵੀਨਰ ਡਾ. ਹੰਸਰਾਜ ਮਹਿਤਾ, ਹਰਬੰਸ ਖੰਨਾ, ਖਜ਼ਾਨਚੀ ਸੰਜੇ ਮੱਕੜ, ਉਪ ਪ੍ਰਧਾਨ ਰਾਮ ਤਨੇਜਾ ਅਤੇ ਪੇਂਡੂ ਡਵੀਜ਼ਨ ਦੇ ਅਧਿਕਾਰੀ ਮੌਜੂਦ ਸਨ।

# 29 ਜੂਨ ਨੂੰ ਸੰਯੁਕਤ ਦਲਿਤ ਮੋਰਚੇ ਵੱਲੋਂ ਰੱਖੀ ਗਈ ਲੁਧਿਆਣਾ ਮੀਟਿੰਗ 'ਚ ਹੋਵਾਂਗੇ ਸ਼ਾਮਲ,,, ਸਮਾਓ

“Equality and justice” Patiala 25 June INTERNATIONAL PAPER, 94636 01616 hardipchumber57@gmail.com



